Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 20* Issue 236 | Wednesday, December 01, 2021 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਡੰਪ ਟਰੱਕ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਜ਼ਖ਼ਮੀ

ਟੋਰਾਂਟੋ, 30 ਨਵੰਬਰ (ਪੋਸਟ ਬਿਊਰੋ) : ਡੰਪ ਟਰੱਕ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਹਾਦਸੇ ਤੋਂ ਬਾਅਦ ਟਰੱਕ ਦਾ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ।ਪੁਲਿਸ ਨੂੰ ਸਵੇਰੇ 8:30 ਵਜੇ ਘਟਨਾ ਦੀ ਜਾਣਕਾਰੀ ਦੇ ਕੇ ਸੱਦਿਆ ਗਿਆ ਜਦੋਂ ਸਕਾਰਬਰੋ ਦੇ ਉੱਤਰ ਵੱਲ ਫਿੰਚ ਐਵਨਿਊ ਈਸਟ ਤੇ ਵਾਰਡਨ ਵਿਖੇ ਟਰੱਕ ਵੱਲੋਂ ਟੱਕਰ ਮਾਰੇ ਜਾਣ ਕਾਰਨ 40 ਸਾਲਾ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ। ਪੁਲਿਸ ਨੇ ਦੱਸਿਆ ਕਿ ਡਰਾਈਵਰ ਨੂੰ ਵਾਰਡਨ ਐਵਨਿਊ ਉੱਤੇ ਦੱਖਣ ਵੱਲ ਜਾਂਦਿਆਂ ਵੇਖਿਆ ਗਿਆ। ਜ਼ਖ਼ਮੀ ਹਾਲਤ ਵਿੱਚ ਉਸ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ।

## ਜਿਨ੍ਹਾਂ ਦਾ ਪੂਰਾ ਟੀਕਾਕਰਣ ਨਹੀਂ ਹੋਇਆ ਉਹ ਜਹਾਜ਼ ਤੇ ਟਰੇਨਜ਼ ਦਾ ਸਫਰ ਨਹੀਂ ਕਰ ਸਕਣਗੇ

ਓਟਵਾ, 30 ਨਵੰਬਰ (ਪੋਸਟ ਬਿਊਰੋ) : ਅੱਜ ਤੋਂ 12 ਸਾਲ ਤੋਂ ਉੱਪਰ ਉਮਰ ਦੇ ਉਨ੍ਹਾਂ ਲੋਕਾਂ ਨੂੰ ਹਵਾਈ ਜਹਾਜ਼ ਜਾਂ ਰੇਲਗੱਡੀ ਵਿੱਚ ਨਹੀਂ ਚੜ੍ਹਨ ਦਿੱਤਾ ਜਾਵੇਗਾ ਜਿਨ੍ਹਾਂ ਦਾ ਪੂਰਾ ਟੀਕਾਕਰਣ ਨਹੀਂ ਹੋਇਆ ਹੋਵੇਗਾ। ਹੁਣ ਕੋਵਿਡ-19 ਦਾ ਨੈਗੇਟਿਵ ਟੈਸਟ ਵੀ ਬਹੁਤੇ ਲੋਕਾਂ ਦੀ ਮਦਦ ਨਹੀਂ ਕਰ ਸਕੇਗਾ।



ਇਹ ਪਾਲਿਸੀ 30 ਅਕਤੂਬਰ ਤੋਂ ਪ੍ਰਭਾਵੀ ਹੋਣ ਜਾ ਰਹੀ ਹੈ। ਪਰ ਜਿਨ੍ਹਾਂ ਟਰੈਵਲਰਜ਼ ਦਾ ਟੀਕਾਕਰਣ ਨਹੀਂ ਹੋਇਆ ਉਨ੍ਹਾਂ ਲਈ ਫੈਡਰਲ ਸਰਕਾਰ ਨੇ ਥੋੜ੍ਹੇ ਸਮੇਂ ਦੀ ਮੁਹਲਤ ਦਿੱਤੀ ਹੈ ਤੇ ਉਹ ਆਪਣੇ ਟਰਿੱਪ ਤੋਂ 72 ਘੰਟੇ ਪਹਿਲਾਂ ਕਰਵਾਏ ਗਏ ਕੋਵਿਡ-19 ਦੇ ਨੈਗੇਟਿਵ ਮੌਲੀਕਿਊਲਰ ਟੈਸਟ ਤੋਂ ਬਾਅਦ ਜਹਾਜ਼ ਚੜ੍ਹ ਸਕਦੇ ਹਨ ਜਾਂ ਰੇਲਗੱਡੀ ਦਾ ਸਫਰ ਕਰ ਸਕਦੇ ਹਨ। ਇਹ ਨਵਾਂ ਨਿਯਮ ਕੈਨੇਡਾ ਵੱਲੋਂ ਕੋਵਿਡ-19 ਦੇ ਓਮਾਈਕ੍ਰੌਨ ਵੇਰੀਐਂਟ ਦੇ ਸਾਹਮਣੇ ਆਉਣ ਤੋਂ ਬਾਅਦ ਲਿਆਂਦਾ ਗਿਆ ਹੈ।

ਇਸ ਨਵੇਂ ਵੇਰੀਐਂਟ ਦੇ ਸਾਹ-ਮਣੇ ਆਉਣ ਤੋਂ ਬਾਅਦ ਇੱਕ ਵਾਰੀ ਫਿਰ ਸਰਹੱਦਾਂ ਬੰਦ ਕਰਨ ਤੇ ਭਾਰੀ ਸਕਰੀਨਿੰਗ ਦੀ ਸ਼ੁਰੂਆਤ ਦਾ ਡਰ ਪੈਦਾ ਹੋ ਗਿਆ ਹੈ।ਵਰਲਡ ਹੈਲਥ ਆਰਗੇਨਾਈਜ਼ੇਸ਼ਨ ਅਨੁਸਾਰ ਓਮਾਈਕ੍ਰੌਨ ਤੋਂ ਰਿਸਕ ਬਹੁਤ ਜ਼ਿਆਦਾ ਹੈ ਪਰ ਅਜੇ ਵੀ ਇਸ ਬਾਰੇ ਪਬਲਿਕ ਹੈਲਥ ਅਧਿਕਾਰੀ ਤੇ ਵਿਗਿਆਨੀ ਬਹੁਤਾ ਕੁੱਝ ਨਹੀਂ ਜਾਣਦੇ।

## ਸੱਤਾ ਵਿਚ ਆਉਣ 'ਤੇ ਘੱਟ ਤੋਂ ਘੱਟ ਉਜਰਤਾਂ 20 ਡਾਲਰ ਪ੍ਰਤੀ ਘੰਟਾ ਕਰਾਂਗੇ : ਹਾਰਵਥ

ਓਨਟਾਰੀਓ, 30 ਨਵੰਬਰ (ਪੋਸਟ ਬਿਊਰੋ) : ਐਨਡੀਪੀ ਆਗੂ ਐਂਡਰੀਆ ਹਾਰਵਥ ਵੱਲੋਂ ਇਹ ਵਾਅਦਾ ਕੀਤਾ ਜਾ ਰਿਹਾ ਹੈ ਕਿ ਜੂਨ ਵਿੱਚ ਪ੍ਰੋਵਿੰਸ ਦੀ ਪ੍ਰੀਮੀਅਰ ਚੁਣੇ ਜਾਣ ਉੱਤੇ ਉਨ੍ਹਾਂ ਵੱਲੋਂ ਉਸੇ ਸਾਲ ਮਈ 2026 ਵਿੱਚ ਘੱਟ ਤੋਂ ਘੱਟ ਉਜਰਤਾਂ 20 ਡਾਲਰ ਕਰ ਦਿੱਤੀਆਂ ਜਾਣਗੀਆਂ।



ਮੰਗਲਵਾਰ ਨੂੰ ਕੁਈਨਜ਼ ਪਾਰਕ ਵਿਖੇ ਹਾਰਵਥ ਨੇ ਵਰਕਰਜ਼ ਨੂੰ ਇਹ ਗਾਰੰਟੀ ਦਿੱਤੀ। ਹਾਰਵਥ ਨੇ ਆਖਿਆ ਕਿ ਭਾਵੇਂ ਕੋਈ ਗਰੌਸਰੀ ਸਟੋਰਜ਼ ਉੱਤੇ ਸ਼ੈਲਫਾਂ ਭਰਦਾ ਹੈ ਜਾਂ ਹਸਪਤਾਲ ਵਿੱਚ ਸਾਫ ਸਫਾਈ ਕਰਦਾ ਹੈ, ਸਾਰੇ ਹੀ ਵਰਕਰ ਸਨਮਾਨ ਦੇ ਹੱਕਦਾਰ ਹਨ। ਕਿਸੇ ਨੂੰ ਧੰਨਵਾਦ ਕਰਨਾ ਤੇ ਕਿਸੇ ਨੂੰ ਹੀਰੋ ਸੱਦਣਾ ਹੀ ਸਨਮਾਨ ਨਹੀਂ ਹੁੰਦਾ। ਕਿਸੇ ਦਾ ਆਦਰ ਕਰਨ ਦਾ ਮਤਲਬ ਇਹ ਵੀ ਹੈ ਕਿ ਕਿਸੇ ਦੇ ਭੱਤਿਆਂ ਵਿੱਚ ਵਾਧਾ ਕੀਤਾ ਜਾਵੇ ਤਾਂ ਕਿ ਉਹ ਆਪਣੇ ਬਿੱਲ ਭਰ ਸਕਣ।

ਐਨਡੀਪੀ ਦੇ ਭੱਤਿਆਂ ਵਿੱਚ ਵਾਧੇ ਦੀ ਯੋਜਨਾ ਤਹਿਤ ਹਰੇਕ ਸਾਲ ਘੱਟ ਤੋਂ ਘੱਟ ਇੱਕ ਡਾਲਰ ਦਾ ਵਾਧਾ ਕਰਨਾ ਵੀ ਸ਼ਾਮਲ ਹੈ ਜਦੋਂ ਤੱਕ ਇਹ 20 ਡਾਲਰ ਤੱਕ ਦਾ ਟੀਚਾ ਪੂਰਾ ਨਹੀਂ ਹੋ ਜਾਂਦਾ।ਹਾਰਵਥ ਨੇ ਅੱਗੇ ਆਖਿਆ ਕਿ ਹਰ ਚੀਜ਼ ਦੀ ਕੀਮਤ ਦਿਨੋਂ ਦਿਨ ਉੱਪਰ ਜਾ ਰਹੀ ਹੈ ਫਿਰ ਭਾਵੇਂ ਗੈਸ ਹੋਵੇ ਜਾਂ ਹਾਈਡ੍ਰੋਬਿੱਲ ਤੇ ਡੱਗ ਫੋਰਡ ਦੀ ਘੱਟ ਭੱਤਿਆਂ ਵਾਲੀ ਨੀਤੀ ਦੇ ਚੱਲਤਿਆਂ ਹਰ ਕੋਈ ਤੰਗ ਹੈ। ਜਿਨ੍ਹਾਂ ਨੂੰ ਘੱਟ ਤੋਂ ਘੱਟ ਉਜਰਤਾਂ ਮਿਲਦੀਆਂ ਹਨ ਉਹ ਬੜੀ ਮੁਸ਼ਕਲ ਨਾਲ ਆਪਣਾ ਗੁਜ਼ਾਰਾ ਕਰ ਰਹੇ ਹਨ ਤੇ ਅਜੇ ਵੀ ਉਨ੍ਹਾਂ ਨੂੰ ਸਮੇਂ ਸਿਰ ਆਪਣੇ ਬਿੱਲ ਅਦਾ ਕਰਨ ਲਈ ਪੂਰੀ ਰਕਮ ਨਹੀਂ ਮਿਲ ਪਾਉਂਦੀ। ਉਨ੍ਹਾਂ ਨੂੰ ਆਪਣੇ ਬੱਚਿਆਂ ਲਈ ਜ਼ਿੰਦਗੀ ਦੀ ਜ਼ਰੂਰੀ ਚੀਜ਼ਾਂ ਖਰੀਦਣ ਲਈ ਵੀ ਕਈ ਤਰ੍ਹਾਂ ਦੇ ਬਲੀਦਾਨ ਦੇਣੇ ਪੈਂਦੇ ਹਨ। ਇਸ ਲਈ ਉਨ੍ਹਾਂ ਨੂੰ ਦੋ ਜੌਬਜ਼ ਜਾਂ ਤਿੰਨ-ਤਿੰਨ ਜੌਬਜ਼ ਕਰਨੀਆਂ ਪੈਂਦੀਆਂ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਸੀ ਕਿ ਪਹਿਲੀ ਜਨਵਰੀ ਤੋਂ ਘੱਟ ਤੋਂ ਘੱਟ ਉਜਰਤਾਂ 14.35 ਤੋਂ 15 ਡਾਲਰ ਪ੍ਰਤੀ ਘੰਟਾ ਹੋਣਗੀਆਂ।

## ਮਿਸ਼ੀਗਨ ਦੇ ਸਕੂਲ ਵਿੱਚ ਇੱਕ ਵਿਦਿਆਰਥੀ ਨੇ ਚਲਾਈਆਂ ਗੋਲੀਆਂ, 3 ਹਲਾਕ, 8 ਜ਼ਖ਼ਮੀ

ਆਕਸਫੋਰਡ ਟਾਊਨਸ਼ਿਪ, ਮਿਸ਼ੀਗਨ, 30 ਨਵੰਬਰ (ਪੋਸਟ ਬਿਊਰੋ) : ਇੱਕ 15 ਸਾਲਾ ਵਿਦਿਆਰਥੀ ਨੇ ਮੰਗਲਵਾਰ ਨੂੰ ਆਪਣੇ ਮਿਸ਼ੀਗਨ ਹਾਈ ਸਕੂਲ ਉੱਤੇ ਗੋਲੀਆਂ ਚਲਾ ਕੇ ਤਿੰਨ ਵਿਦਿਆਰਥੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਇੱਕ ਟੀਚਰ ਸਮੇਤ ਅੱਠ ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ।









ਨਿਊਜ਼ ਕਾਨਫਰੰਸ ਵਿੱਚ ਓਕਲੈਂਡ ਕਾਊਂਟੀ ਅੰਡਰਸ਼ੈਰਿਫ ਮਾਈਕ ਮੈਕੈਬ ਨੇ ਆਖਿਆ ਕਿ ਆਕਸਫੋਰਡ ਟਾਊਨਸ਼ਿਪ ਵਿੱਚ ਆਕਸਫੋਰਡ ਹਾਈ ਸਕੂਲ ਉੱਤੇ ਗੋਲੀਆਂ ਚਲਾਉਣ ਵਾਲੇ ਵਿਦਿਆਰਥੀ ਦਾ ਮੰਤਵ ਕੀ ਸੀ ਇਹ ਪਤਾ ਲਾਉਣ ਦੀ ਜਾਂਚਕਾਰ ਕੋਸ਼ਿਸ਼ ਕਰ ਰਹੇ ਹਨ।

ਮੈਕੈਬ ਨੇ ਦੱਸਿਆ ਕਿ ਸੋਸ਼ਲ ਮੀਡੀਆ ਉੱਤੇ ਇਹ ਦੋਸ਼ ਲਾਏ ਜਾ ਰਹੇ ਹਨ ਕਿ ਮੰਗਲਵਾਰ ਨੂੰ ਹੋਏ ਇਸ ਹਮਲੇ ਤੋਂ ਪਹਿਲਾਂ 1700 ਵਿਦਿਆਰਥੀਆਂ ਵਾਲੇ ਇਸ ਸਕੂਲ ਉੱਤੇ ਸ਼ੂਟਿੰਗ ਦੀਆਂ ਧਮਕੀਆਂ ਮਿਲੀਆਂ ਸਨ।ਪਰ ਉਨ੍ਹਾਂ ਸਾਰਿਆਂ ਨੂੰ ਇਸ ਬਿਆਨ ਉੱਤੇ ਹਾਲ ਦੀ ਘੜੀ ਯਕੀਨ ਨਾ ਕੀਤਾ ਜਾਵੇ ਕਿਉਂਕਿ ਜਾਂਚਕਾਰ ਅਜੇ ਮਾਮਲੇ ਦੀ ਜਾਂਚ ਕਰ ਰਹੇ ਹਨ। ਇਸ ਤੋਂ ਪਹਿਲਾਂ ਨਵੰਬਰ ਵਿੱਚ ਇੱਕ ਹਿਰਨ ਦਾ ਸਿਰ ਸਕੂਲ ਦੀ ਛੱਤ ਤੋਂ ਹੇਠਾ ਸੁੱਟਿਆ ਗਿਆ ਸੀ।ਪਰ ਮੈਕੈਬ ਨੇ ਆਖਿਆ ਕਿ ਇਸ ਘਟਨਾ ਦਾ ਸ਼ੂਟਿੰਗ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

ਅਧਿਕਾਰੀਆਂ ਵੱਲੋਂ ਮਸ਼ਕੂਕ ਦਾ ਨਾਂ ਅਜੇ ਜਾਰੀ ਨਹੀਂ ਕੀਤਾ ਗਿਆ ਪਰ ਮੈਕੈਬ ਨੇ ਆਖਿਆ ਕਿ ਉਨ੍ਹਾਂ ਦੇ ਡਿਪਟੀਜ਼ ਵੱਲੋਂ ਇਸ ਵਿਦਿਆਰਥੀ ਦੇ ਸਕੂਲ ਪਹੁੰਚਣ ਉਪਰੰਤ ਕੁੱਝ ਮਿੰਟਾਂ ਵਿੱਚ ਹੀ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਇਹ ਵੀ ਦੱਸਿਆ ਕਿ ਡਿਪਟੀਜ਼ ਨੂੰ ਇਸ ਵਿਦਿਆਰਥੀ ਕੋਲੋਂ ਸੈਮੀ ਆਟੋਮੈਟਿਕ ਹੈਂਡਗੰਨ ਤੇ ਉਸ ਦੇ ਕਈ ਮੈਗਜ਼ੀਨ ਮਿਲੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਉਸ ਨੇ ਕਈ ਗੋਲੀਆਂ ਚਲਾਈਆਂ।

ਇਸ ਘਟਨਾ ਵਿੱਚ ਮਾਰੇ ਗਏ ਵਿਦਿਆਰਥੀਆਂ ਵਿੱਚ 16 ਸਾਲਾਂ ਦਾ ਇੱਕ ਲੜਕਾ ਤੇ 14 ਅਤੇ 17 ਸਾਲਾਂ ਦੀਆਂ ਦੋ ਲੜਕੀਆਂ ਸ਼ਾਮਲ ਹਨ। ਜ਼ਖ਼ਮੀਆਂ ਵਿੱਚੋਂ ਦੋ ਦੀ ਸਰਜਰੀ ਕੀਤੀ ਜਾ ਰਹੀ ਹੈ ਤੇ ਬਾਕੀ ਜ਼ਖ਼ਮੀਆਂ ਵਿੱਚੋਂ ਛੇ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI
416.994.7272
www.allkindinsurance.com

INSURANCE
Home • Auto
Business • Trucking
Life Insurance • Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

YES! Immigration
Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W. Unit 10, Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance

INSURANCE MART
INSURANCE COMPANY
Life Insurance
Critical Illness
Disability
Super Visa
Home and Auto Insurance
Gurdip Gill
(647)767-6665
gurdipgill1@hotmail.ca

Dubai Jewellers
2700 Northpark Drive, Unit #19, Brampton, Ontario L6S 0E9
North Park & Airport Major Intersection
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾਂ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਓਮਾਈਕ੍ਰੋਨ ਕਾਰਨ ਏਅਰ ਟਰੈਵਲਰਜ਼ ਲਈ ਨਵੀਆਂ ਟੈਸਟਿੰਗ ਸ਼ਰਤਾਂ ਲਾਗੂ ਕਰੇਗੀ ਸਰਕਾਰ

## ਬੂਸਟਰ ਸਟਰੈਟੇਜੀ ਦਾ ਕੀਤਾ ਜਾ ਰਿਹਾ ਹੈ ਮੁਲਾਂਕਣ





ਓਟਵਾ, 30 ਨਵੰਬਰ (ਪੋਸਟ ਬਿਊਰੋ) : ਓਮਾਈਕ੍ਰੋਨ ਵੇਰੀਐਂਟ ਕਾਰਨ ਪੈਦਾ ਹੋਏ ਤੌਖਲਿਆਂ ਦੇ ਚੱਲਦਿਆਂ ਕੈਨੇਡਾ ਵੱਲੋਂ ਆਪਣੀ ਵੈਕਸੀਨ ਬੂਸਟਰ ਸਟ੍ਰੈਟੇਜੀ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ, ਫੈਡਰਲ ਸਰਕਾਰ ਵੱਲੋਂ ਟਰੈਵਲ ਸਬੰਧੀ ਲਾਈਆਂ ਪਾਬੰਦੀਆਂ ਦੀ ਸੂਚੀ ਵਿੱਚ ਨਵੇਂ ਦੇਸ਼ਾਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ ਤੇ ਕੈਨੇਡਾ ਦੇ ਬਾਹਰੋਂ, ਅਮਰੀਕਾ ਨੂੰ ਛੱਡ ਕੇ, ਆਉਣ ਵਾਲੇ ਸਾਰੇ ਏਅਰ ਟਰੈਵਲਰਜ਼ ਲਈ ਨਵੀਆਂ ਟੈਸਟਿੰਗ ਸ਼ਰਤਾਂ ਲਾਗੂ ਕੀਤੀਆਂ ਜਾ ਰਹੀਆਂ ਹਨ।

ਮੰਗਲਵਾਰ ਨੂੰ ਫੈਡਰਲ ਮੰਤਰੀਆਂ ਤੇ ਪਬਲਿਕ ਹੈਲਥ ਅਧਿਕਾਰੀਆਂ ਨੇ ਕੈਨੇਡਾ ਵੱਲੋਂ ਚੁੱਕੇ ਜਾਣ ਵਾਲੇ ਤਿੰਨ ਨਵੇਂ ਕਦਮਾਂ ਦਾ ਐਲਾਨ ਕੀਤਾ। ਅਜਿਹਾ ਇਸ ਨਵੇਂ ਵੇਰੀਐਂਟ ਨੂੰ ਅੱਗੇ ਫੈਲਣ ਤੋਂ ਰਕਣ ਲਈ ਕੀਤਾ ਗਿਆ।ਨਵੀਆਂ ਸ਼ਰਤਾਂ ਮੁਤਾਬਕ ਕੈਨੇਡਾ ਦੇ ਬਾਹਰੋਂ, ਅਮਰੀਕਾ ਨੂੰ ਛੱਡ ਕੇ, ਆਉਣ ਵਾਲੇ ਸਾਰੇ ਟਰੈਵਲਰਜ਼ ਨੂੰ ਕੈਨੇਡਾ ਪਹੁੰਚਣ ਉਪਰੰਤ ਏਅਰਪੋਰਟ ਉੱਤੇ ਹੀ ਟੈਸਟ ਕਰਵਾਉਣਾ ਹੋਵੇਗਾ।

ਜਿਨ੍ਹਾਂ ਦਾ ਟੀਕਾਕਰਣ ਹੋ ਚੁੱਕਿਆ ਹੈ ਉਨ੍ਹਾਂ ਨੂੰ ਨੈਗੇਟਿਵ ਰਿਜ਼ਲਟ ਆਉਣ ਤੱਕ ਖੁਦ ਨੂੰ ਆਈਸੋਲੇਟ ਕਰਨਾ ਹੋਵੇਗਾ।ਜਿਨ੍ਹਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਉਨ੍ਹਾਂ ਨੂੰ ਪੂਰੇ 14 ਦਿਨਾਂ ਲਈ ਖੁਦ ਨੂੰ ਆਈਸੋਲੇਟ ਕਰਨਾ ਹੋਵੇਗਾ। ਇਸ ਦੇ ਨਾਲ ਹੀ ਉਨ੍ਹਾਂ ਨੂੰ ਕੁਆਰਨਟੀਨ ਰਹਿੰਦਿਆਂ ਪਹਿਲੇ ਤੇ ਅੱਠਵੇਂ ਦਿਨ ਆਪਣਾ ਟੈਸਟ ਕਰਵਾਉਣਾ ਹੋਵੇਗਾ। ਜਿੰਨਾਂ ਚਿਰ ਟਰੈਵਲਰਜ਼ ਕੋਲ ਆਈਸੋਲੇਟ ਕਰਨ ਲਈ ਥਾਂ ਹੈ ਓਨਾ ਚਿਰ ਉਨ੍ਹਾਂ ਨੂੰ ਸਰਕਾਰ ਵੱਲੋਂ ਕੁਆਰਨਟੀਨ ਕਰਨ ਲਈ ਨਿਰਧਾਰਤ ਕੀਤੇ ਗਏ ਹੋਟਲ ਵਿੱਚ ਰਹਿਣ ਦੀ ਲੋੜ ਨਹੀਂ ਹੋਵੇਗੀ।

ਸਿਹਤ ਮੰਤਰੀ ਜੀਨ ਯਵੇਸ ਡਕਲਸ ਨੇ ਆਖਿਆ ਕਿ ਜਿਨ੍ਹਾਂ ਦੇਸ਼ਾਂ ਦੇ ਲੋਕਾਂ ਉੱਤੇ ਟਰੈਵਲ ਸਬੰਧੀ ਬੈਨ ਨਹੀਂ ਹੈ ਉਨ੍ਹਾਂ ਦੀ ਲਿਸਟ ਆਉਣ ਵਾਲੇ ਦਿਨਾਂ ਵਿੱਚ ਸਾਂਝੀ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਹਿਸਾਬ ਨਾਲ ਕੈਨੇਡੀਅਨ ਏਅਰਪੋਰਟਸ ਉੱਤੇ ਰੋਜ਼ਾਨਾ 32,000 ਟੈਸਟਸ ਕੀਤੇ ਜਾਣਗੇ। ਇਨ੍ਹਾਂ ਟੈਸਟਸ ਦਾ ਖਰਚਾ ਸਰਕਾਰ ਸਹੇਗੀ।

# ਸੀਡੀਸੀ ਵੱਲੋਂ 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਬੂਸਟਰ ਸ਼ੌਟ ਲਾਉਣ ਦੀ ਕੀਤੀ ਜਾ ਰਹੀ ਹੈ ਸਿਫਾਰਿਸ਼



ਓਨਟਾਰੀਓ, 30 ਨਵੰਬਰ (ਪੋਸਟ ਬਿਊਰੋ) : ਓਮਾਈਨੋਕ੍ਰੋਨ ਵੇਰੀਐਂਟ ਦੇ ਹੋਰਨਾਂ ਦੇਸ਼ਾਂ ਵਿੱਚ ਵੀ ਸਾਹਮਣੇ ਆਉਣ ਤੋਂ ਬਾਅਦ ਦ ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ (ਸੀਡੀਸੀ) ਵੱਲੋਂ ਕੋਵਿਡ-19 ਦਾ ਬੂਸਟਰ ਸ਼ੌਟ ਹੁਣ 18 ਪਲੱਸ ਲੋਕਾਂ ਨੂੰ ਲਾਉਣ ਦੀ ਸਿਫਾਰਿਸ਼ ਵੀ ਕੀਤੀ ਜਾ ਰਹੀ ਹੈ।

ਪਹਿਲਾਂ ਏਜੰਸੀ ਵੱਲੋਂ ਬੂਸਟਰ ਸ਼ੌਟ ਸਾਰੇ ਬਾਲਗਾਂ ਲਈ ਮਨਜ਼ੂਰ ਕੀਤਾ ਗਿਆ ਸੀ ਪਰ ਇਸ ਦੀ ਸਿਫਾਰਿਸ਼ 50 ਸਾਲ ਤੋਂ ਉੱਪਰ ਉਮਰ ਦੇ ਲੋਕਾਂ ਜਾਂ ਅਜਿਹੇ ਲੋਕਾਂ ਨੂੰ ਦੇਣ ਦੀ ਸਿਫਾਰਿਸ਼ ਕੀਤੀ ਗਈ ਸੀ ਜਿਹੜੇ ਲਾਂਗ ਟਰਮ ਕੇਅਰ ਸੈਟਿੰਗ ਵਿੱਚ ਰਹਿੰਦੇ ਹਨ। ਸੀਡੀਸੀ ਦੀ ਡਾਇਰੈਕਟਰ ਡਾ• ਰੋਸ਼ੇਲ ਵਾਲੈਂਸਕੀ ਨੇ ਆਖਿਆ ਕਿ ਇਸ ਤੱਥ-ਪੜਤਾਲ ਦਾ ਕਾਰਨ ਓਮਾਈਨਕ੍ਰੋਨ ਵੇਰੀਐਂਟ ਦਾ ਅਚਾਨਕ ਸਾਹਮਣੇ ਆਉਣਾ ਹੈ। ਉਨ੍ਹਾਂ ਆਖਿਆ ਕਿ ਭਾਵੇਂ ਅਜੇ ਅਮਰੀਕਾ ਵਿੱਚ ਇਹ ਸਾਹਮਣੇ ਨਹੀਂ ਆਇਆ ਹੈ ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਹੌਲੀ ਹੌਲੀ ਉੱਥੇ ਵੀ ਇਹ ਪਹੁੰਚ ਜਾਵੇਗਾ।

ਉਨ੍ਹਾਂ ਆਖਿਆ ਕਿ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਫਾਈਜ਼ਰ ਤੇ ਮੌਡਰਨਾ ਦੀਆਂ ਦੋਵੇਂ ਡੋਜ਼ਾਂ ਲਵਾਉਣ ਤੋਂ ਛੇ ਮਹੀਨੇ ਬਾਅਦ ਤੇ ਜੇ ਐਂਡ ਜੇ ਵੈਕਸੀਨ ਲੈਣ ਤੋਂ ਦੋ ਮਹੀਨੇ ਬਾਅਦ ਇਹ ਬੂਸਟਰ ਸ਼ੌਟ ਲਵਾਉਣਾ ਚਾਹੀਦਾ ਹੈ।

# ਤੇਜ਼ ਰਫਤਾਰ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਕਈ ਰਾਹਗੀਰ ਜ਼ਖ਼ਮੀ



ਓਨਟਾਰੀਓ, 30 ਨਵੰਬਰ (ਪੋਸਟ ਬਿਊਰੋ) : ਇੱਕ ਗੱਡੀ ਵੱਲੋਂ ਕਈ ਰਾਹਗੀਰਾਂ ਨੂੰ ਟੱਕਰ ਮਾਰੇ ਜਾਣ ਕਾਰਨ ਉਹ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਪੱਛਮੀ ਲੰਡਨ, ਓਨਟਾਰੀਓ, ਦੇ ਹਸਪਤਾਲ ਲਿਜਾਇਆ ਗਿਆ।ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਕਾਂਸਟੇਬਲ ਸੰਦਾਸਾ ਬਫ ਨੇ ਦੱਸਿਆ ਕਿ ਹਾਦਸੇ ਦਾ ਸ਼ਿਕਾਰ ਹੋਏ ਲੋਕ ਕਿੰਨੀ ਉਮਰ ਦੇ ਸਨ ਇਸ ਬਾਰੇ ਜਾਣਕਾਰੀ ਅਜੇ ਪੂਰੀ ਤਰ੍ਹਾਂ ਹਾਸਲ ਨਹੀਂ ਹੋਈ ਪਰ ਉਨ੍ਹਾਂ ਆਖਿਆ ਕਿ ਲੋਕਾਂ ਨੂੰ ਮਾਮੂਲੀ ਸੱਟਾਂ ਤੋਂ ਲੈ ਕੇ ਜਾਨ-ਲੇਵਾ ਸੱਟਾਂ ਲੱਗੀਆਂ ਹਨ। ਇੱਕ ਚਸ਼ਮਦੀਦ ਨੇ ਦੱਸਿਆ ਕਿ ਕਾਰ ਦਾ ਡਰਾਈਵਰ ਬੜੀ ਤੇਜ਼ੀ ਨਾਲ ਕਾਰ ਚਲਾ ਰਿਹਾ ਸੀ ਤੇ ਉਹ ਰੈੱਡ ਲਾਈਟ ਉੱਤੇ ਵੀ ਨਹੀਂ ਰੁਕਿਆ। ਬਫ ਨੇ ਇਹ ਵੀ ਆਖਿਆ ਕਿ ਇਸ ਹਾਦਸੇ ਵਿੱਚ ਕਈ ਗੱਡੀਆਂ ਸ਼ਾਮਲ ਹਨ ਤੇ ਗੱਡੀ ਵੱਲੋਂ ਰਾਹਗੀਰਾਂ ਨੂੰ ਰਿਵਰਸਾਈਡ ਡਰਾਈਵ ਉੱਤੇ ਇੱਕ ਰਿਹਾਇਸ਼ੀ ਬਿਲਡਿੰਗ ਦੀ ਐਂਟਰੈਂਸ ਉੱਤੇ ਟੱਕਰ ਮਾਰੀ ਗਈ।

ਇਹ ਹਾਦਸਾ ਸ਼ਾਮੀਂ 6:45 ਉੱਤੇ ਵਾਪਰਿਆ। ਅਜਿਹਾ ਵੀ ਨਹੀਂ ਸੀ ਕਿ ਪੁਲਿਸ ਵੱਲੋਂ ਗੱਡੀ ਦਾ ਪਿੱਛਾ ਕੀਤਾ ਜਾ ਰਿਹਾ ਸੀ। ਇਸ ਨੂੰ ਹਿੱਟ ਐਂਡ ਰਨ ਦਾ ਮਾਮਲਾ ਵੀ ਨਹੀਂ ਮੰਨਿਆ ਜਾ ਰਿਹਾ।ਜਾਂਚ ਲਈ ਸਪਰਿੰਗਬੈਂਕ ਡਰਾਈਵ ਤੇ ਕਿੰਗਸਵੇਅ ਐਵਨਿਊ ਦੇ ਨਾਲ ਨਾਲ ਰਿਵਰਸਾਈਡ ਡਰਾਈਵ ਬ੍ਰੇਮਰ ਕ੍ਰੀਸੈਂਟ ਤੇ ਵਾਰੇਨ ਰੋਡ ਦਰਮਿਆਨ ਬੰਦ ਕਰ ਦਿੱਤੀ ਗਈ ਹੈ।

# ਓਮਾਈਕ੍ਰੋਨ ਉੱਤੇ ਬਹੁਤੀਆਂ ਅਸਰਦਾਰ ਨਹੀਂ ਹਨ ਮੌਜੂਦਾ ਵੈਕਸੀਨਜ਼ : ਮੌਡਰਨਾ



ਸਿਡਨੀ, 30 ਨਵੰਬਰ (ਪੋਸਟ ਬਿਊਰੋ) : ਡਰੱਗ ਨਿਰਮਾਤਾ ਕੰਪਨੀ ਮੌਡਰਨਾ ਦੇ ਹੈੱਡ ਦਾ ਕਹਿਣਾ ਹੈ ਕਿ ਕੋਵਿਡ-19 ਵੈਕਸੀਨਜ਼ ਓਮਾਈਕ੍ਰੋਨ ਵੇਰੀਐਂਟ ਉੱਤੇ ਓਨੀ ਅਸਰਦਾਰ ਨਹੀਂ ਹੈ ਜਿੰਨੀ ਕਰੋਨਾਵਾਇਰਸ ਦੇ ਪਹਿਲਾਂ ਵਾਲੇ ਵੇਰੀਐਂਟਸ ਉੱਤੇ ਸੀ। ਇਸ ਨਾਲ ਫਾਇਨਾਂਸ਼ੀਅਲ ਮਾਰਕਿਟਸ ਵਿੱਚ ਚਿੰਤਾ ਦੀ ਲਹਿਰ ਦੌੜ ਗਈ ਹੈ।

ਇੱਕ ਇੰਟਰਵਿਊ ਵਿੱਚ ਮੌਡਰਨਾ ਦੇ ਚੀਫ ਐਗਜ਼ੈਕਟਿਵ ਸਟੀਫਨ ਬੈਂਸਲ ਨੇ ਆਖਿਆ ਕਿ ਅਜੇ ਡੈਲਟਾ ਵੇਰੀਐਂਟ ਤੱਕ ਵੀ ਸਥਿਤੀ ਸੰਭਲੀ ਹੋਈ ਸੀ ਪਰ ਇਸ ਵੇਰੀਐਂਟ ਨਾਲ ਹਾਲਾਤ ਪਹਿਲਾਂ ਵਾਲੇ ਨਹੀ ਹਨ। ਉਨ੍ਹਾਂ ਆਖਿਆ ਕਿ ਅਜੇ ਉਹ ਪੱਕੇ ਤੌਰ ਉੱਤੇ ਕੁੱਝ ਨਹੀਂ ਆਖ ਸਕਦੇ ਤੇ ਜਦੋਂ ਤੱਕ ਡਾਟਾ ਨਹੀਂ ਆ ਜਾਂਦਾ ਉਦੋਂ ਤੱਕ ਕੁੱਝ ਆਖਿਆ ਨਹੀਂ ਜਾ ਸਕਦਾ। ਉਨ੍ਹਾਂ ਆਖਿਆ ਕਿ ਜਿੰਨੇ ਵੀ ਸਾਇੰਟਿਸਟਸ ਨਾਲ ਉਨ੍ਹਾਂ ਗੱਲ ਕੀਤੀ ਹੈ ਸੱਭ ਦੀ ਇਹੋ ਰਾਇ ਹੈ ਕਿ ਇਹ ਠੀਕ ਨਹੀਂ ਰਹਿਣ ਵਾਲਾ।

ਵੈਕਸੀਨ ਦਾ ਅਸਰ ਪਹਿਲਾਂ ਵਾਂਗ ਨਾ ਹੋਣ ਕਾਰਨ ਲੋਕ ਵਧੇਰੇ ਬਿਮਾਰ ਪੈਣਗੇ ਤੇ ਲੰਮਾਂ ਸਮਾਂ ਹਸਪਤਾਲ ਦਾਖਲ ਰਹਿਣਗੇ ਤੇ ਇਸ ਨਾਲ ਮਹਾਂਮਾਰੀ ਲੰਮਾਂ ਸਮਾਂ ਚੱਲੇਗੀ। ਉਨ੍ਹਾਂ ਦੇ ਅਜਿਹੇ ਬਿਆਨਾਂ ਦਾ ਅਸਰ ਤੇਲ, ਸਟਾਕਸ ਤੇ ਆਸਟਰੇਲੀਅਨ ਡਾਲਰ ਉੱਤੇ ਵੀ ਪਿਆ। ਉਨ੍ਹਾਂ ਆਖਿਆ ਕਿ ਇਸ ਵੇਰੀਐਂਟ ਤੇ ਭਵਿੱਖ ਵਿੱਚ ਹੋਣ ਵਾਲੀਆਂ ਮਿਊਟੇਸ਼ਨਜ਼ ਦੇ ਮੱਦੇਨਜ਼ਰ ਇਹ ਆਖਿਆ ਜਾ ਸਕਦਾ ਹੈ ਕਿ ਵੈਕਸੀਨਜ਼ ਵਿੱਚ ਵੀ ਤਬਦੀਲੀ ਕੀਤੇ ਜਾਣ ਦੀ ਲੋੜ ਹੈ।

# ਡੇਰਾ ਸੱਚਾ ਸੌਦਾ ਦੀ ਚਰਚਾ ਵਿੱਚ ਜਾਣਾ ਫਿਰ ਪੰਜਾਬ ਵਿੱਚ ਰਾਜਨੀਤੀ ਦਾ ਮੁੱਦਾ ਬਣਿਆ

## * ਅਕਾਲੀਆਂ ਵੱਲੋਂ ਕਾਂਗਰਸੀ ਆਗੂਆਂ ਵਿਰੁੱਧ ਅਕਾਲ ਤਖਤ ਨੂੰ ਸ਼ਿਕਾਇਤ

ਅੰਮ੍ਰਿਤਸਰ, 30 ਨਵੰਬਰ, (ਪੋਸਟ ਬਿਊਰੋ)-ਇਨ੍ਹੀਂ ਦਿਨੀਂ ਡੇਰਾ ਸੱਚਾ ਸੌਦਾ ਸਿਰਸਾ ਦੇ ਨਾਮ ਚਰਚਾ ਘਰਾਂ ਵਿੱਚ ਫਿਰ ਤੋਂ ਰੌਣਕ ਵਧਣ ਦੇ ਨਾਲ ਹੀ ਇਹ ਰਾਜਨੀਤੀ ਦਾ ਮੁੱਦਾ ਵੀ ਮੁੜ ਕੇ ਬਣਨ ਲੱਗਾ ਹੈ।

ਬੀਤੇ ਐਤਵਾਰ ਕੁਝ ਥਾਂਈਂ ਇਸ ਡੇਰੇ ਦੀ ਨਾਮ ਚਰਚਾ ਵਿੱਚ ਕੁਝ ਕਾਂਗਰਸੀ ਵਿਧਾਇਕ ਸ਼ਾਮਲ ਹੋਣ ਦੀ ਖਬਰ ਆਈ ਸੀ। ਇਸ ਦੇ ਬਾਅਦ ਅਕਾਲੀ ਦਲ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਇਨ੍ਹਾਂ ਕਾਂਗਰਸੀ ਆਗੂਆਂ ਉੱਤੇ ਕਾਰਵਾਈ ਕਰਨ ਦੀ ਮੰਗ ਕਰ ਦਿੱਤੀ ਹੈ। ਅਕਾਲੀ ਆਗੂ ਸਰਦਾਰ ਵਿਰਸਾ ਸਿੰਘ ਵਲਟੋਹਾ ਨੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਉਨ੍ਹਾਂ ਕਾਂਗਰਸੀ ਆਗੂਆਂ ਵਿਰੁੱਧ ਸਿੱਖ ਰਵਾਇਤਾਂ ਅਨੁਸਾਰ ਕਾਰਵਾਈ ਕਰਨ, ਜਿਨ੍ਹਾਂ ਨੇ ਡੇਰਾ ਸੱਚਾ ਸੌਦਾ ਸਿਰਸਾ ਵੱਲੋਂ ਕਈ ਜ਼ਿਲ੍ਹਿਆਂ ਵਿੱਚ ਕੀਤੀ ਗਈ 'ਨਾਮ ਚਰਚਾ' ਦੇ ਪ੍ਰੋਗਰਾਮਾਂ ਵਿੱਚ ਹਾਜ਼ਰੀ ਭਰੀ ਹੈ। ਉਨ੍ਹਾਂ ਏਥੇ ਪ੍ਰੈਸ ਕਾਨਫਰੰਸ ਕਰ ਕੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦਾ ਹੁਕਮਨਾਮਾ ਹੋਵੇ ਕਿ ਗੁਰੂ ਨਾਨਕ ਨਾਮ ਲੇਵਾ ਕੋਈ ਸਿੱਖ ਡੇਰਾ ਸੱਚਾ ਸੌਦਾ ਜਾਂ ਇਸ ਦੇ ਸ਼ਰਧਾਲੂਆਂ ਨਾਲ ਵਾਸਤਾ ਨਹੀਂ ਰੱਖੇਗਾ, ਇਸ ਦੇ ਬਾਵਜੂਦ ਫਿਰੋਜ਼ਪੁਰ ਤੋਂ ਪਰਮਿੰਦਰ ਸਿੰਘ ਪਿੰਕੀ, ਫਾਜ਼ਿਲਕਾ ਤੋਂ ਦਵਿੰਦਰ ਸਿੰਘ ਘੁਬਾਇਆ ਤੇ ਕੈਬਨਿਟ ਮੰਤਰੀ ਵਿਜੇ ਇੰਦਰ ਸਿੰਗਲਾ ਇਸ ਡੇਰੇ ਦੀ 'ਨਾਮ ਚਰਚਾ' ਵਿੱਚ ਗਏ ਹਨ। ਉਨ੍ਹਾਂ ਕਿਹਾ ਕਿ ਕੈਬਨਿਟ ਮੰਤਰੀ ਵਿਜੇ ਇੰਦਰ ਸਿੰਗਲਾ ਨੇ ਡੇਰੇ ਦੇ ਕੰਮਾਂ ਦੀ ਸ਼ਲਾਘਾ ਕੀਤੀ ਹੈ, ਜਿਸ ਤੋਂ ਸਾਫ ਹੈ ਕਿ ਕਾਂਗਰਸ ਪਾਰਟੀ ਇਸ ਡੇਰੇ ਨਾਲ ਅੰਦਰ ਖਾਤੇ ਰਲੀ ਹੋਈ ਹੈ।

ਇਸ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਵੀ ਇਸ ਡੇਰੇ ਵਿੱਚ ਕਾਂਗਰਸੀ ਆਗੂਆਂ ਦੇ ਜਾਣ ਦਾ ਨੋਟਿਸ ਲਿਆ ਅਤੇ ਕਾਰਵਾਈ ਦੀ ਮੰਗ ਕੀਤੀ ਹੈ।

# ਨਵਜੋਤ ਸਿੱਧੂ ਨੇ ਖੁਦ ਨੂੰ ਅਸਿੱਧੇ ਤੌਰ ਉੱਤੇ ਮੁੱਖ ਮੰਤਰੀ ਚਿਹਰੇ ਵਜੋਂ ਪੇਸ਼ ਕਰ ਦਿੱਤਾ

## * ਮੈਂ ਤਾਂ 2022 ਤੋਂ ਬਾਅਦ ਦੀ ਯੋਜਨਾ ਦੱਸ ਰਿਹਾਂ: ਸਿੱਧੂ



ਲੁਧਿਆਣਾ, 30 ਨਵੰਬਰ, (ਪੋਸਟ ਬਿਊਰੋ)-ਕਾਂਗਰਸ ਪਾਰਟੀ ਨੇ ਬੇਸ਼ੱਕ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਮੁੱਖ ਮੰਤਰੀ ਦੇ ਚਿਹਰੇ ਦਾ ਐਲਾਨ ਨਹੀਂ ਕੀਤਾ, ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਖੁਦ ਨੂੰ ਮੁੱਖ ਮੰਤਰੀ ਵਜੋਂ ਅਸਿੱਧੇ ਤੌਰ ਉੱਤੇ ਪੇਸ਼ ਕਰਨ ਲੱਗ ਪਏ ਨਜ਼ਰ ਆਉਂਦੇ ਹਨ।

ਅੱਜ ਏਥੇ ਗੱਲਬਾਤ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਅਗਲੇ ਪੰਜ ਸਾਲ ਦਾ ਆਪਣਾ ਵਰਕ ਪਲਾਨ ਪੇਸ਼ ਕੀਤਾ ਤੇ ਮੁੱਖ ਮੰਤਰੀ ਦੇ ਕਰਨ ਵਾਲੇ ਕੰਮ ਗਿਣਾਏ, ਜਿਨ੍ਹਾਂ ਬਾਰੇ ਦਾਅਵਾ ਪਾਰਟੀ ਦਾ ਪ੍ਰਧਾਨ ਆਮ ਤੌਰ ਉੱਤੇ ਨਹੀਂ ਕਰਦਾ ਹੁੰਦਾ। ਨਵਜੋਤ ਸਿੰਘਸਿੱਧੂ ਨੇ ਏਥੋਂ ਤਕ ਕਿਹਾ ਕਿ ਉਹ ਜੋ ਕਹਿ ਰਹੇ ਹਨ, ਉਹ ਅਗਲੇ ਤਿੰਨ ਮਹੀਨਿਆਂ ਲਈ ਨਹੀਂ, 2022 ਤੋਂ ਬਾਅਦ ਦੀ ਯੋਜਨਾ ਹੈ ਤੇ 'ਮੈਂ ਪੰਜ ਸਾਲਾਂ ਵਿੱਚ ਪੰਜਾਬ ਨੂੰ ਬਦਲ ਦਿਆਂਗਾ।' ਇਹ ਗੱਲ ਕਹਿਣ ਤੋਂ ਬਾਅਦ ਉਨ੍ਹਾਂ ਨੂੰ ਇਸ ਦਾ ਅਹਿਸਾਸ ਹੋਇਆ ਕਿ ਉਹ ਆਪਣੀ ਯੋਜਨਾ ਦੱਸ ਗਏ ਹਨ ਤਾਂ ਉਨ੍ਹਾਂ ਗੱਲ ਤੋਂ ਪਲਟਦੇ ਹੋਏ ਕਿਹਾ ਕਿ ਇਹ ਉਨ੍ਹਾਂ ਦੀ ਪਲਾਨਿੰਗ ਨਹੀਂ, ਰਾਹੁਲ ਗਾਂਧੀ, ਪ੍ਰਿਅੰਕਾ ਤੇ ਸੋਨੀਆ ਗਾਂਧੀ ਦੀ ਯੋਜਨਾ ਹੈ।

ਇਸ ਮਹਾਨਗਰ ਵਿਚਲੇ ਸਨਅਤਕਾਰਾਂ ਨਾਲ ਬੈਠਕ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਵਿੱਚ ਨਵਾਂ ਨਿਵੇਸ਼ ਆਉਣ ਵਿੱਚਮੁੱਖ ਅੜਿੱਕਾ ਸਿੰਗਲ ਵਿੰਡੋ ਸਿਸਟਮ ਦੀ ਘਾਟ ਹੈ, ਇਕ ਸਨਅਤ ਲਾਉਣ ਲਈ 16 ਤੋਂ 33 ਸਰਕਾਰੀ ਕਲੀਅਰੈਂਸ ਲੈਣੀਆਂ ਪੈਂਦੀਆਂ ਹਨ, ਜਿਸ ਨਾਲ ਨਿਵੇਸ਼ਕ ਫਸ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਾਲ 2022 ਵਿੱਚ ਸਰਕਾਰ ਬਣਦੇ ਸਾਰ ਉਹ ਸਿੰਗਲ ਵਿੰਡੋ ਸਿਸਟਮ ਪ੍ਰਭਾਵੀ ਬਣਾਉਣ ਨਾਲ ਇੱਕ ਡਿਜੀਟਲ ਪੋਰਟਲ ਪੇਸ਼ ਕਰਨਗੇ, ਜਿਸ ਉੱਤੇ ਸਨਅਤਕਾਰ ਸਾਰੀਆਂ ਰਸਮਾਂ ਪੂਰੀਆਂ ਕਰ ਕੇ ਆਨਲਾਈਨ ਕਲੀਅਰੈਂਸ ਲੈ ਲੈਣਗੇ।ਉਨ੍ਹਾ ਕਿਹਾ ਕਿ ਸਾਲ 2007 ਵਿੱਚ ਅਕਾਲੀ-ਭਾਜਪਾ ਸਰਕਾਰ ਬਣਨ ਪਿੱਛੋਂ ਨਿਵੇਸ਼ ਦੇ ਵੱਡੇ-ਵੱਡੇ ਵਾਅਦੇ ਕੀਤੇ ਗਏ ਸਨ, ਪਰ ਕੁਝ ਨਹੀਂ ਆਇਆ, ਅਗਲੀ ਵਾਰੀ ਸਾਡੀ ਸਰਕਾਰ ਨੇ ਆ ਕੇ ਇੱਕ ਲੱਖ ਕਰੋੜ ਰੁਪਏ ਦੇ ਨਿਵੇਸ਼ ਲਈ ਐੱਮਓ ਯੂ(ਸਮਝੌਤੇ) ਕੀਤੇ, ਜਿਸ ਵਿੱਚੋਂ 52 ਫ਼ੀਸਦ ਨਿਵੇਸ਼ ਆਪਰੇਸ਼ਨਲ ਹੋ ਗਿਆ।

ਨਵਜੋਤ ਸਿੰਘ ਸਿੱਧੂਅੱਜਕੱਲ੍ਹ ਬਹੁਤਾ ਕਰ ਕੇ ਆਪਣੀ ਹੀ ਪਾਰਟੀ ਦੀ ਪੰਜਾਬ ਸਰਕਾਰ ਉੱਤੇ ਹਮਲਾਵਰ ਨਜ਼ਰ ਆਉਂਦੇ ਤੇ ਕਹਿੰਦੇ ਹਨ ਕਿ ਉਹ ਸੰਗਠਨ ਵਿੱਚ ਹਨ, ਜਦਕਿ ਲੋਕਾਂ ਲਈ ਫ਼ੈਸਲੇ ਲੈਣਾ ਸਰਕਾਰ ਦਾ ਕੰਮ ਹੁੰਦਾ ਹੈ, ਪਰ ਅੱਜ ਸਾਲ 2022 ਤੋਂ ਬਾਅਦ ਦੀ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਬਾਰੇ 'ਮੈਂ ਆਹ ਕਰਾਂਗਾ' ਕਹਿਣ ਨਾਲ ਉਨ੍ਹਾਂ ਨੇ ਅਣ-ਐਲਾਨੇ ਤੌਰ ਉੱਤੇ ਮੁੱਖ ਮੰਤਰੀ ਲਈ ਚਿਹਰੇ ਵਜੋਂ ਆਪਣੇ ਆਪ ਨੂੰ ਪੇਸ਼ ਕਰ ਦਿੱਤਾ ਹੈ।













## ਅੱਜ ਨਾਮਾ

ਗਿਆ ਨਾ ਕਿਤੇ ਕੋਰੋਨਾ ਹੈ ਅਜੇ ਪਹਿਲਾ,
ਲੱਗਿਆ ਨਵਾਂ ਕੁਝ ਰੂਪ ਡਰਾਉਣ ਬੇਲੀ।
ਕਿੱਥੋਂ ਉੱਠਿਆ, ਕਿੱਧਰ ਨੂੰ ਜਾਊ ਖਬਰੇ,
ਲੋਕੀਂ ਲੱਗ ਪਏ ਸੁਣਨ-ਸੁਣਾਉਣ ਬੇਲੀ।
ਮਿਲੇ ਖਬਰ ਅਫਵਾਹ ਜਿਹੀ ਲੱਗਦੀ ਊ,
ਫਿਰ ਵੀ ਲੱਗਦੀ ਕੰਬਣੀ ਲਾਉਣ ਬੇਲੀ।
ਪਹਿਲੀ ਲਹਿਰ ਦੇ ਡੰਗੇਹਨ ਡਰੀ ਜਾਂਦੇ,
ਮੱਥੇ ਟੇਕਣ ਜਾਂ ਬਹੁੜੀਆਂ ਪਾਉਣ ਬੇਲੀ।
ਪਹਿਲੀ ਵਾਰ ਸੀ ਹੋਈ ਇਤਹਾਸ ਅੰਦਰ,
ਘਰਦੇ ਘਰਦਿਆਂ ਤੋਂ ਲੱਗੇ ਡਰਨ ਬੇਲੀ।
ਆ ਗਈ ਬਿੱਜ ਤਾਂ ਜਾਵਾਂਗੇ ਭੱਜ ਕਿਧਰੇ,
ਹੋਣਾ ਹਿੰਮਤ ਦੇ ਬਾਝ ਨਹੀਂ ਸਰਨ ਬੇਲੀ।

**ਤੀਸ ਮਾਰ ਖਾਂ**

# ਮੁੱਖ ਮੰਤਰੀ ਚੰਨੀ ਵੱਲੋਂ ਦੋਸ਼: ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਕੋਟਕਪੂਰਾ ਗੋਲੀਕਾਂਡ ਪਿੱਛੇ ਬਾਦਲਾਂ ਦਾ ਹੱਥ ਸੀ

ਕੋਟਕਪੂਰਾ, 30 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅਕਾਲੀ-ਭਾਜਪਾ ਰਾਜ ਦੌਰਾਨਸਾਲ 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬਰਗਾੜੀ ਅਤੇ ਹੋਰਨਾਂ ਥਾਂਵਾਂ ਦੀਆਂ ਬੇਅਦਬੀ ਦੀਆਂ ਘਟਨਾਵਾਂ ਹੋਣ ਅਤੇ ਇਸ ਦੇ ਖਿਲਾਫ ਰੋਸ ਕਰਦੀ ਸੰਗਤ ਉੱਤੇ ਪੁਲਸ ਗੋਲੀ ਨਾਲ ਸੰਬੰਧਤ ਬਹਿਬਲ ਕਲਾਂ ਅਤੇ ਕੋਟਕਪੂਰਾ ਕਾਂਡ ਦੇ ਲਈ ਬਾਦਲ ਪਰਵਾਰ ਨੂੰ ਪੂਰੀ ਤਰ੍ਹਾਂ ਜ਼ਿੰਮੇਵਾਰ ਠਹਿਰਾਇਆ ਹੈ।

ਅੱਜ ਕੋਟਕਪੂਰਾ ਵਿੱਚ ਵੱਡੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੋਟਕਪੂਰਾ ਤੇ ਜੈਤੋ ਵਿਧਾਨ ਸਭਾ ਹਲਕਿਆਂ ਦੇ ਸਰਬ ਪੱਖੀ ਵਿਕਾਸ ਲਈ 15-15 ਕਰੋੜ ਰੁਪਏ ਦਾ ਐਲਾਨ ਕਰਦੇ ਹੋਏਕਿਹਾ ਕਿ ਸਾਲ 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੇ ਫਿਰ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਦੋਵੇਂ ਕੇਸ ਜਾਂਚ ਅਧੀਨ ਹੋਣ ਕਰ ਕੇ ਉਹ ਇਸ ਬਾਰੇ ਬਹੁਤਾ ਵੇਰਵਾ ਨਹੀਂ ਦੇ ਸਕਦੇ, ਪਰ ਇਸ ਦੇ ਦੋਸ਼ੀਆਂ ਨਾਲ ਬਾਦਲ ਪਰਵਾਰ ਦੀ ਮਿਲੀਭੁਗਤ ਸੀ। ਬਹਿਬਲ ਕਲਾਂ ਤੇ ਕੋਟਕਪੂਰਾ ਦੀਆਂ ਗੋਲੀਬਾਰੀ ਦੀਆਂ ਘਟਨਾਵਾਂ ਯਾਦ ਕਰ ਕੇਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਏਥੇਗੋਲੀ ਸ਼ਾਂਤਮਈ ਰੋਸ ਕਰਦੀ ਸੰਗਤ ਉੱਤੇ ਨਹੀਂ ਚਲਾਈ ਗਈ,ਸਾਡੀਆਂ ਹਿੱਕਾਂ ਉੱਤੇਚਲਾਈ ਗਈ ਸੀ।ਉਨ੍ਹਾ ਕਿਹਾ, "ਅਸੀਂ ਪ੍ਰਣ ਲੈਂਦੇ ਹਾਂ ਕਿ ਇਸ ਨਾ-ਮੁਆਫੀ ਯੋਗ ਅਪਰਾਧ ਦੇ ਅਸਲ ਦੋਸ਼ੀਆਂ ਤੇ ਖੇਤੀ ਬਿੱਲਾਂ ਨੂੰ ਕਾਨੂੰਨ ਬਣਾਉਣ ਵਿੱਚ ਜਿਨ੍ਹਾਂ ਦਾ ਵੱਡੀ ਭੂਮਿਕਾ ਸੀ, ਉਨ੍ਹਾ ਨੂੰ ਬਖਸ਼ਿਆ ਨਹੀਂ ਜਾਵੇਗਾ।"



ਆਪਣੇ ਬਾਰੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦਾਅਵਾ ਕੀਤਾ ਕਿ ਮੇਰੀ ਸਰਕਾਰ ਦੇ ਸਾਰੇ ਵਾਅਦੇ ਕੁੱਲ ਦੋ ਮਹੀਨਿਆਂ ਵਿੱਚ ਲਾਗੂ ਹੋ ਗਏ ਹਨ। ਉਨ੍ਹਾਂ ਕਿਹਾ, "ਹੋਰ ਭਲਾਈ ਸਕੀਮਾਂ ਤੋਂ ਇਲਾਵਾ ਅਸੀਂ ਪੰਜਾਬ ਵਿੱਚ ਬਿਜਲੀ ਅਤੇ ਪੈਟਰੋਲ ਸਭ ਤੋਂ ਘੱਟ ਕੀਮਤ ਉਤੇ ਦੇ ਰਹੇ ਹਾਂ, ਜਿਨ੍ਹਾਂ ਦੀ ਸਭ ਤੋਂ ਵੱਧ ਲੋੜ ਹੈ।" ਉਨ੍ਹਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਝੂਠੇ ਵਾਅਦਿਆਂ ਤੇ ਗਾਰੰਟੀਆਂ ਨਾਲ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਚੰਨੀ ਨੇ ਕਿਹਾ, 'ਕੇਜਰੀਵਾਲ ਧੋਖੇਬਾਜ਼ ਹੈ ਤੇ ਉਸ ਦੇ ਐਲਾਨ ਅਤੇ ਸਕੀਮਾਂ ਦਾ ਦਿੱਲੀਵਿੱਚ ਵੀ ਲੋਕਾਂ ਨੂੰ ਲਾਭ ਨਹੀਂ ਹੋ ਸਕਿਆ, ਪੰਜਾਬ ਦੂਰ ਦੀ ਗੱਲ ਹੈ।' ਉਨ੍ਹਾਂ ਕਿਹਾ ਕਿ ਦਿੱਲੀਵਿੱਚ 400 ਯੂਨਿਟ ਤੱਕ ਮੁਫ਼ਤ ਬਿਜਲੀ ਦਾ ਐਲਾਨ ਡਰਾਮੇ ਤੋਂ ਵੱਧ ਨਹੀਂ, ਕਿਉਂਕਿ ਦਿੱਲੀ ਸਰਕਾਰ 400 ਯੂਨਿਟਾਂ ਤੋਂ ਵੱਧ ਖਪਤ ਉੱਤੇ ਭਾਰੀ ਰਕਮ ਵਸੂਲਦੀ ਹੈ, ਜੋ ਆਮ ਘਰਾਂ ਦੀ ਖਪਤ ਹੁੰਦੀ ਹੈ।

ਇਸ ਮੌਕੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਬਾਦਲਾਂ ਦੀਆਂ ਬੱਸਾਂ ਨੂੰ ਰੋਕਣ ਦੀ ਕਦੇ ਕਿਸੇ ਨੇ ਹਿੰਮਤ ਨਹੀਂ ਸੀ ਕੀਤੀ ਤੇ ਉਨ੍ਹਾਂ ਦੀ ਸਰਕਾਰ ਨੇ ਨਾ ਸਿਰਫ ਸਾਰੀਆਂ ਗੈਰ-ਕਾਨੂੰਨੀ ਬੱਸਾਂ ਨੂੰ ਬੰਦ ਕੀਤਾ, ਸਗੋਂ ਅਜਿਹੀਆਂ 135 ਬੱਸਾਂ ਕਬਜ਼ੇ ਵਿੱਚ ਲੈ ਕੇ ਪੰਜਾਬ ਦੇ ਖ਼ਜ਼ਾਨੇ ਨੂੰ 14 ਕਰੋੜ ਰੁਪਏ ਦਾ ਮੁਨਾਫ਼ਾ ਦਿਵਾਇਆ ਅਤੇ ਸਰਕਾਰੀ ਬੱਸਾਂ ਦੀ ਰੋਜ਼ਾਨਾ ਆਮਦਨ ਵਧ ਕੇ 1.15 ਕਰੋੜ ਰੁਪਏ ਹੋ ਗਈ ਹੈ।

## ਕੈਪਟਨ ਧੜੇ ਨੂੰ ਨਵਾਂ ਝਟਕਾ: ਪਾਂਡਵ ਨੂੰ ਹਟਾ ਕੇ ਵਿਧਾਇਕ ਜਲਾਲਪੁਰ ਦੇ ਪੁੱਤਰ ਨੂੰ ਪਾਵਰਕਾਮ ਦਾ ਡਾਇਰੈਕਟਰ ਲਾਇਆ

### * ਸਮਰਾਲਾ ਦੇ ਕਾਂਗਰਸੀ ਵਿਧਾਇਕ ਦੇ ਪੋਤਰੇ ਨੂੰ ਵੀ ਅਹੁਦਾ ਮਿਲਿਆ

ਪਟਿਆਲਾ, 30 ਨਵੰਬਰ, (ਪੋਸਟ ਬਿਊਰੋ)-ਪੰਜਾਬ ਦੇ ਕਾਂਗਰਸੀ ਵਿਧਾਇਕ ਮਦਨ ਲਾਲ ਜਲਾਲਪੁਰ ਦੇ ਪੁੱਤਰ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਗਗਨਦੀਪ ਜੌਲੀ ਜਲਾਲਪੁਰ ਨੂੰ ਪਾਵਰਕਾਮ ਦਾ ਡਾਇਰੈਕਟਰ ਪ੍ਰਬੰਧਕੀ ਬਣਾਇਆ ਗਿਆ ਹੈ।ਉਸ ਤੋਂ ਪਹਿਲਾਂ ਇਸ ਅਹੁਦੇ ਉੱਤੇ ਕੈਪਟਨ ਅਮਰਿੰਦਰ ਸਿੰਘ ਦੇ ਨੇੜੂ ਮੰਨੇ ਜਾਂਦੇ ਆਰਪੀ ਪਾਂਡਵ ਨਿਯੁਕਤ ਸਨ।ਇਸ ਤਬਦੀਲੀਨੂੰ ਪਟਿਆਲਾ ਜ਼ਿਲੇ ਵਿਚ ਕੈਪਟਨ ਧੜੇ ਨੂੰ ਇਕ ਹੋਰ ਝਟਕਾ ਮੰਨਿਆ ਜਾ ਰਿਹਾ ਹੈ।

ਵਰਨਣ ਯੋਗ ਹੈ ਕਿ ਆਰਪੀ ਪਾਂਡਵ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੌਰਾਨ ਪਾਵਰਕਾਮ ਪ੍ਰਬੰਧਕੀ ਡਾਇਰੈਕਟਰ ਨਿਯੁਕਤ ਕੀਤਾ ਗਿਆ ਸੀ, ਜਿਸ ਪਿੱਛੋਂ ਕਰੀਬ ਤਿੰਨ ਸਾਲ ਉਹ ਇਸ ਅਹੁਦੇ ਉੱਤੇ ਰਹੇ। ਕਾਂਗਰਸ ਵਿੱਚੋਂ ਕੈਪਟਨ ਅਮਰਿੰਦਰ ਸਿੰਘ ਦੇ ਜਾਣ ਪਿੱਛੋਂ ਪੰਜਾਬ ਵਿੱਚ ਉਨ੍ਹਾਂ ਦੇ ਨੇੜਲੇ ਆਗੂਆਂ ਦੀ ਛਾਂਟੀ ਦੌਰਾਨ ਪੈਪਸੂ ਟਰਾਂਸਪੋਰਟ ਕਾਰਪੋਰੇਸ਼ਨਦੇ ਚੇਅਰਮੈਨ ਕੇ ਕੇ ਸ਼ਰਮਾ ਤੋਂ ਬਾਅਦ ਪਟਿਆਲਾ ਨਗਰ ਨਿਗਮ ਦੇ ਮੇਅਰ ਸੰਜੀਵ ਸ਼ਰਮਾ ਨੂੰ ਸਸਪੈਂਡ ਕਰ ਦਿੱਤਾ ਗਿਆ ਅਤੇ ਅੱਜ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਦੇ ਧੜੇ ਨੂੰ ਵੱਡਾ ਝਟਕਾ ਦਿੰਦਿਆਂ ਆਰ ਪੀ ਪਾਂਡਵ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਹਲਕਾ ਘਨੌਰ ਤੋਂ ਵਿਧਾਇਕ ਮਦਨ ਲਾਲ ਜਲਾਲਪੁਰ ਦੇ ਲੜਕੇ ਗਗਨਦੀਪ ਜੌਲੀ ਜਲਾਲਪੁਰ ਨੂੰ ਇਸ ਅਹੁਦੇ ਨਾਲ ਨਿਵਾਜਿਆ ਹੈ।



ਇਸ ਦੌਰਾਨ ਪੰਜਾਬ ਸਰਕਾਰ ਨੇ ਪੰਜਾਬ ਰਾਜ ਟਰਾਂਸਮਿਸ਼ਨ ਕਾਰ-ਪੋਰੇਸ਼ਨ ਵਿੱਚ ਨਵੀਂ ਨਿਯੁਕਤੀ ਕਰਦੇ ਹੋਏਕਰਨਵੀਰ ਸਿੰਘ ਢਿੱਲੋਂ, ਜਿਹੜਾ ਸਮਰਾਲਾ ਦੇ ਵਿਧਾਇਕ ਅਮਰੀਕ ਸਿੰਘ ਢਿੱਲੋਂ ਦਾ ਪੋਤਰਾਹੈ, ਨੂੰ ਅਗਲੇ ਦੋ ਸਾਲਾਂ ਦੇ ਲਈ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਦਾ ਡਾਇਰੈਕਟਰ ਪ੍ਰਸ਼ਾਸਨ ਨਿਯੁਕਤ ਕਰ ਦਿੱਤਾ ਹੈ।

## ਭਾਰਤ ਸਰਕਾਰ ਨੇ ਐੱਮ ਐੱਸ ਪੀ ਬਾਰੇ ਕਮੇਟੀ ਲਈ ਸੰਯੁਕਤ ਕਿਸਾਨ ਮੋਰਚੇ ਤੋਂ ਪੰਜ ਨਾਂ ਮੰਗੇ

ਨਵੀਂ ਦਿੱਲੀ, 30 ਨਵੰਬਰ, (ਪੋਸਟ ਬਿਊਰੋ)-ਭਾਰਤ ਦੀ ਕੇਂਦਰ ਸਰਕਾਰ ਨੇ ਸੰਯੁਕਤ ਕਿਸਾਨ ਮੋਰਚਾ ਤੋਂ ਕਿਸਾਨਾਂ ਦੀ ਫਸਲ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੀ ਗਾਰੰਟੀ ਕਰਨ ਵਾਲੇ ਕਾਨੂੰਨ ਲਈ ਬਣਾਈ ਜਾ ਰਹੀ ਕਮੇਟੀ ਵਾਸਤੇ ਪੰਜ ਪ੍ਰਤੀਨਿਧਾਂ ਦੇ ਨਾਂ ਮੰਗ ਲਏ ਹਨ। ਮੋਰਚਾ ਆਗੂਆਂ ਨੇ ਕਿਹਾ ਹੈ ਕਿ ਚਾਰ ਦਸੰਬਰ ਨੂੰ ਹੋ ਰਹੀ ਬੈਠਕ ਵਿੱਚ ਇਨ੍ਹਾਂ ਨਾਵਾਂ ਦੇ ਨਾਲ ਹੀ ਅੰਦੋਲਨ ਨੂੰ ਦਿਸ਼ਾ ਦੇਣ ਸਬੰਧੀ ਹੋਰ ਮਹੱਤਵਪੂਰਨ ਫੈਸਲੇ ਵੀ ਕੀਤੇ ਜਾਣਗੇ।



ਵਰਨਣ ਯੋਗ ਹੈ ਕਿ ਜਦੋਂ ਪਿਛਲੇ ਸਾਲ ਕਿਸਾਨ ਮੋਰਚਾ ਲੱਗਾ ਤਾਂ ਇਹ ਕਿਸਾਨ ਵਿਰੋਧੀ ਤਿੰਨ ਖੇਤੀਬਾੜੀ ਕਾਨੂੰਨ ਰੱਦ ਕਰਵਾਉਣ ਲਈ ਸੀ, ਪਰ ਬਾਅਦ ਵਿੱਚ ਇਸ ਵਿੱਚ ਐੱਮ ਐੱਸ ਪੀ ਲਾਗੂ ਕਰਵਾਉਣ ਦੀ ਮੰਗ ਵੀ ਸ਼ਾਮਲ ਹੋ ਗਈ ਅਤੇ ਕਿਸਾਨ ਆਗੂਆਂ ਨੇ ਕਿਹਾ ਸੀ ਕਿ ਇਹ ਮੰਗ ਮੰਨਵਾਉਣ ਤੱਕ ਮੋਰਚਾ ਜਾਰੀ ਰਹੇਗਾ। ਪ੍ਰਧਾਨ ਮੰਤਰੀ ਨੇ ਕੇਂਦਰ ਦੇ ਤਿੰਨੇ ਕਾਨੂੰਨ ਵਾਪਸ ਲੈਣ ਦੇ ਐਲਾਨ ਦੇ ਨਾਲ ਕਿਹਾ ਸੀ ਕਿ ਐੱਮ ਐੱਸ ਪੀ ਬਾਰੇ ਵੀ ਮਾਹਰਾਂ ਦੀ ਇੱਕ ਕਮੇਟੀ ਬਣਾਈ ਜਾਵੇਗੀ, ਜਿਸ ਵਿੱਚ ਕਿਸਾਨਾਂ ਦੇ ਪ੍ਰਤੀਨਿਧ ਵੀ ਲਏ ਜਾਣਗੇ। ਅੱਜ ਇਸ ਮਕਸਦ ਲਈ ਸਰਕਾਰ ਨੇ ਬਾਕਾਇਦਾ ਇੱਕ ਚਿੱਠੀ ਭੇਜ ਕੇ ਪੰਜ ਆਗੂਆਂ ਦੇ ਨਾਂਅ ਭੇਜਣ ਦੀ ਮੰਗ ਕਰ ਦਿੱਤੀ ਹੈ।

ਦੂਸਰੇ ਪਾਸੇ ਕਿਸਾਨ ਆਗੂਆਂ ਨੇ ਕਿਹਾ ਹੈ ਕਿ ਕਾਨੂੰਨ ਰੱਦ ਹੋਣ ਤੱਕ ਦੇ ਸੰਘਰਸ਼ ਦੌਰਾਨ ਉਨ੍ਹਾਂ ਉੱਤੇਦਰਜ ਹੋਏ ਕੇਸ ਵੀ ਸਰਕਾਰ ਵਾਪਸ ਲਵੇ। ਇਸ ਸੰਬੰਧ ਵਿੱਚ ਭਾਰਤੀ ਜਨਤਾ ਪਾਰਟੀ ਦੇ ਹਰਿਆਣਾ ਦੇ ਪ੍ਰਧਾਨ ਓਮ ਪ੍ਰਕਾਸ਼ ਧਨਖੜ ਨੇ ਕਿਹਾ ਹੈ ਕਿ ਹਰਿਆਣਾ ਸਰਕਾਰ ਕਿਸਾਨਾਂ ਉੱਤੇ ਦਰਜ ਕੇਸਜਲਦੀ ਵਾਪਸ ਲੈ ਸਕਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਸ ਸੰਬੰਧ ਵਿੱਚ ਕਿਸਾਨ ਆਗੂਆਂ ਦੇ ਸੰਪਰਕ ਵਿੱਚ ਹੈ ਤੇ ਇਹ ਮਸਲਾ ਛੇਤੀ ਹੱਲ ਹੋ ਜਾਵੇਗਾ।


## 94 ਸਾਲ ਦੇ ਵੱਡੇ ਬਾਦਲ ਇੱਕ ਵਾਰ ਮੁੜ ਕੇ ਲੰਬੀ ਅਸੈਂਬਲੀ ਸੀਟ ਤੋਂ ਚੋਣ ਲੜਨ ਦੇ ਮੂਡ ਵਿੱਚ

ਚੰਡੀਗੜ੍ਹ, 30 ਨਵੰਬਰ, (ਪੋਸਟ ਬਿਊਰੋ)-ਬਹੁਜਨ ਸਮਾਜ ਪਾਰਟੀ ਨਾਲ ਸਮਝੌਤੇ ਵਿੱਚਅਕਾਲੀ ਦਲ ਦੇ ਹਿੱਸੇ ਦੀਆਂ 97 ਸੀਟਾਂ ਵਿੱਚੋਂ 89 ਉੱਤੇਅਕਾਲੀ ਦਲ ਨੇ ਉਮੀਦਵਾਰ ਐਲਾਨ ਕਰ ਦਿੱਤੇ ਹਨ, ਪਰ ਸਭ ਤੋਂ ਅਹਿਮ ਸੀਟ ਲੰਬੀ ਉੱਤੇ ਹਾਲੇ ਤੱਕ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ।ਏਥੋਂ ਲਗਾਤਾਰ ਜਿੱਤਦੇ ਰਹੇ ਪ੍ਰਕਾਸ਼ ਸਿੰਘ ਬਾਦਲ ਮੁੜ ਕੇ ਚੋਣ ਲੜਨ ਦੇ ਮੂਡ ਵਿੱਚ ਦੱਸੇ ਜਾਂਦੇ ਹਨ ਅਤੇ ਇਸ ਬਾਰੇ ਸਰਗਰਮੀ ਵੀ ਸ਼ੁਰੂ ਹੋਣ ਲੱਗੀ ਹੈ।



ਅਕਾਲੀ ਦਲ ਇਸ ਵਾਰੀ ਬਹੁਤ ਸੋਚ ਕੇ ਚੱਲਣਾ ਚਾਹੁੰਦਾ ਹੈ, ਇਸ ਲਈ ਸਾਬਕਾ ਮੁੱਖ ਮੰਤਰੀ ਅਤੇ ਦੇਸ਼ ਦੇ ਸਭ ਤੋਂ ਬਜ਼ੁਰਗ ਵਿਧਾਇਕ ਪ੍ਰਕਾਸ਼ ਸਿੰਘ ਬਾਦਲ (94) ਨੂੰ ਮੁੜ ਕੇ ਚੋਣ ਲੜਾਉਣ ਦੀ ਤਿਆਰੀ ਹੋ ਰਹੀ ਹੈ। ਪਹਿਲਾਂ ਕਿਹਾ ਗਿਆ ਸੀ ਕਿ ਸੁਖਬੀਰ ਸਿੰਘ ਬਾਦਲ ਆਪਣੀ ਜਲਾਲਾਬਾਦ ਸੀਟ ਛੱਡ ਕੇ ਇਸ ਵਾਰ ਲੰਬੀ ਤੋਂ ਚੋਣ ਲੜ ਸਕਦੇ ਹਨ ਤੇ ਪ੍ਰਕਾਸ਼ ਸਿੰਘ ਬਾਦਲ ਕਿਉਂਕਿ ਬਜ਼ੁਰਗ ਹੋ ਚੁੱਕੇ ਹਨ ਅਤੇ ਉਨ੍ਹਾਂ ਦੀ ਸਿਹਤ ਵੀ ਠੀਕ ਨਹੀਂ, ਇਸ ਲਈ ਉਹ ਚੋਣ ਨਹੀਂ ਲੜਨਗੇ ਤੇ ਉਨ੍ਹਾਂ ਦੀ ਥਾਂ ਬਾਦਲ ਪਰਿਵਾਰ ਆਪਣੀ ਜੱਦੀ ਸੀਟ ਲੰਬੀ ਤੋਂ ਸੁਖਬੀਰ ਸਿੰਘ ਬਾਦਲ ਨੂੰ ਖੜ੍ਹਾ ਕਰੇਗਾ, ਪਰ ਸੁਖਬੀਰ ਸਿੰਘ ਬਾਦਲ ਦੇ ਫਿਰ ਜਲਾਲਾਬਾਦ ਤੋਂ ਖੜ੍ਹਾ ਹੋਣ ਨਾਲ ਲੰਬੀ ਬਾਰੇ ਸ਼ੰਕਾ ਖੜ੍ਹਾ ਸੀ। ਪਾਰਟੀ ਦੇ ਇਕ ਸੀਨੀਅਰ ਆਗੂਦੇ ਮੁਤਾਬਕ ਪ੍ਰਕਾਸ਼ ਸਿੰਘ ਬਾਦਲ ਹੀ ਇਸ ਸੀਟਤੋਂ ਚੋਣ ਲੜਨਗੇ। ਉਨ੍ਹਾਂ ਕਿਹਾ ਕਿ ਇਸ ਸੀਟ ਬਾਰੇ ਗੰਭੀਰਤਾ ਨਾਲ ਵਿਚਾਰ ਹੋ ਰਿਹਾ ਹੈ ਤੇ ਪਾਰਟੀ ਕੋਈ ਅਜਿਹਾ ਉਮੀਦਵਾਰ ਖੜ੍ਹਾ ਨਹੀਂ ਕਰਨਾ ਚਾਹੁੰਦੀ, ਜੋ ਜਿੱਤਣਜੋਗਾ ਨਾ ਹੋਵੇ, ਇਸ ਲਈ ਪ੍ਰਕਾਸ਼ ਸਿੰਘ ਬਾਦਲ ਨੂੰ ਮੁੜ ਕੇ ਏਥੋਂ ਚੋਣ ਲੜਾਉਣ ਉੱਤੇ ਵਿਚਾਰ ਹੋ ਰਿਹਾ ਹੈ।

## ਗੌਤਮ ਗੰਭੀਰ ਨੂੰ ਜਾਨੋਂ ਮਾਰਨ ਦੀ ਮੁੜ ਕੇ ਧਮਕੀ ਮਿਲੀ



ਨਵੀਂ ਦਿੱਲੀ, 30 ਨਵੰਬਰ (ਪੋਸਟ ਬਿਊਰੋ)- ਸਾਬਕਾ ਕ੍ਰਿਕਟਰ ਤੇ ਭਾਜਪਾ ਦੇ ਪਾਰਲੀਮੈਂਟ ਮੈਂਬਰ ਗੌਤਮ ਗੰਭੀਰ ਨੂੰ ਆਈ ਐਸ ਆਈ ਐਸ ਕਸ਼ਮੀਰ ਦੇ ਅੱਤਵਾਦੀਆਂ ਨੇ ਜਾਨੋਂ ਮਾਰਨ ਦੀ ਇੱਕ ਹੋਰ ਧਮਕੀ ਦਿੱਤੀ ਹੈ। ਛੇ ਦਿਨਾਂ ਵਿੱਚ ਗੰਭੀਰ ਨੂੰ ਤੀਜੀ ਵਾਰ ਅਜਿਹੀ ਧਮਕੀ ਮਿਲੀ ਹੈ। ਗੰਭੀਰ ਨੂੰ ਇੱਕ ਈ-ਮੇਲ ਵਿੱਚ ਕਿਹਾ ਗਿਆ ਹੈ ਕਿ ਈ-ਮੇਲ ਭੇਜਣ ਵਾਲਿਆਂ ਨੂੰ ਉਸ ਬਾਰੇ ਸਾਰੀ ਜਾਣਕਾਰੀ ਮਿਲ ਰਹੀ ਹੈ ਅਤੇ ਉਨ੍ਹਾਂ ਦੇ ਜਾਸੂਸ ਪੁਲਸ ਫੋਰਸ ਵਿੱਚ ਵੀ ਹਨ, ਦਿੱਲੀ ਪੁਲਸ ਅਤੇ ਕੋਈ ਅਧਿਕਾਰੀ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੇ।

ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਈ-ਮੇਲ ਦਾ ਕੰਟੈਂਟ ਮਿਲ ਗਿਆ ਹੈ ਅਤੇ ਉਹ ਜਾਂਚ ਕਰ ਰਹੇ ਹਨ। ਗੌਤਮ ਗੰਭੀਰ ਦੇ ਨਿੱਜੀ ਸਕੱਤਰ ਗੌਰਵ ਅਰੋੜਾ ਵੱਲੋਂ ਦਰਜ ਕਰਵਾਈ ਸ਼ਿਕਾਇਤ ਮੁਤਾਬਕ ਗੰਭੀਰ ਨੂੰ ਉਸ ਦੀ ਈ-ਮੇਲ ਉੱਤੇ ਪਹਿਲੀ ਧਮਕੀ ਮੰਗਲਵਾਰ ਰਾਤ ਮਿਲੀ ਸੀ। ਇਸ ਵਿੱਚ ਗੰਭੀਰ ਨੂੰ ਧਮਕੀ ਦਿੱਤੀ ਗਈ ਸੀ ਕਿ ਉਸ ਨੂੰ ਤੇ ਉਸ ਦੇ ਪਰਵਾਰ ਨੂੰ ਮਾਰ ਦਿੱਤਾ ਜਾਵੇਗਾ। ਸ਼ਿਕਾਇਤ ਮਿਲਣ ਪਿੱਛੋਂ ਗੰਭੀਰ ਦੀ ਸੁਰੱਖਿਆ ਵਿੱਚ ਵਾਧਾ ਕੀਤਾ ਗਿਆ ਸੀ। ਰਾਜਿੰਦਰ ਨਗਰ ਵਿੱਚ ਉਨ੍ਹਾਂ ਦੀ ਘਰ ਵੀ ਸੁਰੱਖਿਆ ਵਧਾਈ ਗਈ ਸੀ। ਦਿੱਲੀ ਪੁਲਸ ਦੇ ਸਪੈਸ਼ਲ ਸੈਲ ਦੀ ਯੂਨਿਟ ਨੇ ਗੂਗਲ ਨੂੰ ਪੱਤਰ ਲਿਖ ਕੇ ਈ-ਮੇਲ ਅਕਾਊਂਟ ਦੇ ਹੈਂਡਲਰ ਬਾਰੇ ਜਾਣਕਾਰੀ ਮੰਗੀ ਸੀ। ਬੁੱਧਵਾਰ ਨੂੰ ਪੁਲਸ ਨੂੰ ਇੱਕ ਹੋਰ ਧਮਕੀ ਬਾਰੇ ਜਾਣੂ ਕਰਵਾਇਆ ਗਿਆ ਸੀ। ਦੂਜੀ ਈ-ਮੇਲ ਵਿੱਚ ਗੰਭੀਰ ਦੀ ਰਿਹਾਇਸ਼ ਦੀ ਵੀਡੀਓ ਵੀ ਅਟੈਚ ਕਰ ਕੇ ਭੇਜੀ ਗਈ ਸੀ।

## ਅਫਗਾਨਿਸਤਾਨ ਦਾ ਅਰਥਚਾਰਾ ਢਹਿ ਢੇਰੀ ਹੋਣ ਦਾ ਡਰ ਬਣਿਆ

ਕਾਬੁਲ, 30 ਨਵੰਬਰ (ਪੋਸਟ ਬਿਊਰੋ)- ਹਥਿਆਰਾਂ ਦੇ ਜ਼ੋਰ ਉੱਤੇ ਤਾਲਿਬਾਨ ਨੇ ਅਫਗਾਨਿਸਤਾਨ ਵਿੱਚ ਸੱਤਾ ਹਾਸਲ ਕਰ ਲਈ ਹੈ, ਪਰ ਉਸ ਲਈ ਦੁਨੀਆ ਦੇ ਆਰਥਿਕ ਦਰਵਾਜ਼ੇ ਬੰਦ ਹੋ ਗਏ। ਇਸ ਦਾ ਉਲਟਾ ਅਸਰ ਦੇਸ਼ ਦੇ ਅਰਥਚਾਰੇ ਉੱਤੇ ਪਿਆ, ਜੋ ਬੁਰੀ ਤਰ੍ਹਾਂ ਲੜਖੜਾ ਚੁੱਕਾ ਅਤੇ ਕਾਬੂ ਤੋਂ ਬਾਹਰ ਹੁੰਦਾ ਜਾਂਦਾ ਹੈ।



ਏਸ਼ੀਆ ਟਾਈਮਜ਼ ਦੀ ਰਿਪੋਰਟ ਮੁਤਾਬਕ ਅਫਗਾਨਿਸਤਾਨ ਦਾ ਅਰਥਚਾਰਾ ਬਦ ਤੋਂ ਬਦਤਰ ਹੋ ਚੁੱਕਾ ਹੈ ਤੇ ਉਹ ਸਮਾਂ ਦੂਰ ਨਹੀਂ, ਜਦੋਂ ਉਹ ਪੂਰੀ ਤਰ੍ਹਾਂ ਢਹਿ ਜਾਵੇਗਾ। ਕੌਮਾਂਤਰੀ ਕਰੰਸੀ ਫੰਡ ਨੇ ਆਪਣੀ ਇੱਕ ਰਿਪੋਰਟ ਵਿੱਚ ਕਿਹਾ ਹੈ ਕਿ ਅਫਗਾਨਿਸਤਾਨ ਦੇ ਅਰਥਚਾਰੇ ਵਿੱਚ ਸਾਲ ਦਰ ਸਾਲ ਤੀਹ ਫੀਸਦੀ ਜਾਂ ਉਸ ਤੋਂ ਵੱਧ ਗਿਰਾਵਟ ਆ ਸਕਦੀ ਹੈ ਤੇ ਇਸ ਕਾਰਨ ਦੇਸ਼ ਵਿੱਚ ਭੁੱਖਮਰੀ ਹੋਣ ਦੇ ਭਿਆਨਕ ਹਾਲਤ ਬਣ ਸਕਦੇ ਹਨ। ਅਫਗਾਨਿਸਤਾਨ ਨੂੰ ਵਿੱਤੀ ਮਦਦ ਦੇਣ ਵਾਲੀਆਂ ਏਜੰਸੀਆਂ ਨੇ ਅਗਸਤ ਵਿੱਚ ਮੌਜੂਦਾ ਹਾਲਾਤ ਦੀ ਚਿਤਾਵਨੀ ਦੇ ਦਿੱਤੀ ਸੀ ਕਿਉਂਕਿ ਅਮਰੀਕਾ ਅਤੇ ਉਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੇ ਦੇਸ਼ਾਂ ਨੇ ਆਪਣੇ ਫੌਜੀਆਂ ਦੀ ਵਾਪਸੀ ਦਾ ਐਲਾਨ ਕੀਤਾ ਸੀ। ਤਾਲਿਬਾਨ ਨੇ ਜਦੋਂ ਅਫਗਾਨਿਸਤਾਨ ਉੱਤੇ ਕਬਜ਼ਾ ਕੀਤਾ ਉਦੋਂ ਅਮਰੀਕੀ ਪਾਬੰਦੀਆਂ ਦੇ ਬਾਵਜੂਦ ਹੱਕਾਨੀ ਨੈਟਵਰਕ ਨੇ ਗ੍ਰਹਿ ਮੰਤਰਾਲੇ ਸਮੇਤ ਬਹੁਤੇ ਸ਼ਕਤੀਸ਼ਾਲੀ ਮੰਤਰਾਲਿਆਂ ਨੂੰ ਕੰਟਰੋਲ ਵਿੱਚ ਲੈ ਲਿਆ। ਇਸ ਕਾਰਨ ਤਾਲਿਬਾਨ ਸਰਕਾਰ ਲਈ ਵਿਦੇਸ਼ੀ ਮਦਦ ਦੇ ਦਰਵਾਜ਼ੇ ਬੰਦ ਹੋ ਗਏ। ਏਸ਼ੀਆ ਟਾਈਮਜ਼ ਮੁਤਾਬਕ ਆਈ ਐਮ ਐਫ, ਵਿਸ਼ਵ ਬੈਂਕ, ਯੂਰਪੀ ਯੂਨੀਅਨ, ਅਮਰੀਕਾ ਤੇ ਹੋਰ ਫੰਡਿੰਗ ਏਸ਼ੀਆ ਨੇ ਅਫਗਾਨਿਸਤਾਨ ਨੂੰ ਦਿੱਤੀ ਜਾਂਦੀ ਆਰਥਿਕ ਮੱਦਦ ਉੱਤੇ ਰੋਕ ਲਾ ਦਿੱਤੀ ਹੈ।

## ਖਰੜ-ਲੁਧਿਆਣਾ ਹਾਈਵੇਅ ਉੱਤੇ ਸੜਕ ਹਾਦਸੇ ਵਿੱਚ 4 ਮੌਤਾਂ

ਖਰੜ, 30 ਨਵੰਬਰ (ਪੋਸਟ ਬਿਊਰੋ)- ਖਰੜ-ਲੁਧਿਆਣਾ ਹਾਈਵੇਅ ਉੱਤੇ ਚੰਡੀਗੜ੍ਹ ਯੂਨੀਵਰਸਿਟੀ ਸਾਹਮਣੇ ਹੋਏ ਭਿਆਨਕ ਸੜਕ ਹਾਦਸੇ ਵਿੱਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ ਦੋ ਗੰਭੀਰ ਜ਼ਖ਼ਮੀ ਹੋ ਗਏ। ਹਾਦਸੇਵਿੱਚ ਖਰੜ ਵੱਲੋਂ ਆ ਰਹੀ ਤੇਜ਼ ਰਫ਼ਤਾਰ ਕਾਰ ਬੇਕਾਬੂ ਹੋਣ ਕਾਰਨ ਡਿਵਾਈਡਰ ਨਾਲ ਟਕਰਾਈ ਤੇਫੇਰ 10-12 ਪਲਟੀਆਂ ਖਾਂਦੀ ਹੋਈ ਸੜਕ ਉੱਤੇ ਬਣੇ ਪੁੱਲ ਨਾਲ ਟਕਰਾਅ ਗਈ, ਜਿਸ ਕਾਰਨ ਤਿੰਨ ਵਿਅਕਤੀਆਂ ਦੀ ਮੌਕੇ ਉੱਤੇ ਮੌਤ ਹੋ ਗਈ ਤੇ ਇੱਕ ਵਿਅਕਤੀ ਚੰਡੀਗੜ੍ਹ ਵਿਖੇ ਹਸਪਤਾਲ ਵਿੱਚ ਪਹੁੰਚਦੇ ਹੀ ਦਮ ਤੋੜ ਗਿਆ ਅਤੇ ਦੋ ਵਿਅਕਤੀ ਰਾਹੁਲ ਯਾਦਵ ਅਤੇ ਅੰਕੁਸ਼ ਗੰਭੀਰ ਜ਼ਖ਼ਮੀ ਹੋ ਗਏ, ਜੋ ਸੈਕਟਰ-16 ਜਨਰਲ ਹਸਪਤਾਲ ਚੰਡੀਗੜ੍ਹ ਦਾਖਲ ਹਨ। ਮੌਕੇ ਉੱਤੇ ਹਾਜ਼ਰ ਆਟੋ ਚਾਲਕ ਹਰਬੰਸ ਸਿੰਘ ਨੇ ਦੱਸਿਆ ਕਿ ਸੁਰਿੰਦਰ ਸਿੰਘ ਛਿੰਦਾ, ਜਮੀਲ ਖਾਨ ਉਰਫ਼ ਲਾਲੀ ਚਾਹ ਪੀ ਕੇ ਸੜਕ ਪਾਰ ਕਰਕੇ ਦੂਜੇ ਪਾਸੇ ਤੋਂ ਵਾਪਸ ਆਪਣੇ ਆਟੋ ਰਿਕਸ਼ਾ ਕੋਲ ਆ ਰਹੇ ਸੀ ਕਿ ਇੱਕ ਦਮ ਇੱਕ ਕਾਰ ਡਿਵਾਈਡਰ ਨਾਲ ਆ ਟਕਰਾਈ ਅਤੇ ਉਹ ਦੋਵੇਂ ਕਾਰ ਦੀ ਲਪੇਟ ਵਿੱਚ ਆ ਗਏ।

## ਰਾਜਾ ਵੜਿੰਗ ਨੇ ਪੁੱਛਿਆ: ਸੁਖਬੀਰ ਬਾਦਲ ਨੇ ਆਪਣੀ ਸਰਕਾਰ ਵੇਲੇ ਮੁਲਾਜ਼ਮ ਪੱਕੇ ਕਿਉਂ ਨਹੀਂ ਸੀ ਕੀਤੇ

ਗਿੱਦੜਬਾਹਾ, 30 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਟਰਾਂਸਪੋਰਟ ਮੰਤਰੀ ਅਤੇ ਗਿੱਦੜਬਾਹਾ ਹਲਕੇ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਕੱਚੇ ਮੁਲਾਜ਼ਮਾਂ ਨੂੰ ਫੋਨ ਉੱਤੇ ਉਨ੍ਹਾਂ ਨੂੰ ਆਪਣੀ ਸਰਕਾਰ ਬਣਨ ਉਤੇ ਪੱਕੇ ਕਰਨ ਦੇ ਝੂਠੇ ਲਾਰੇ ਲਾ ਰਿਹਾ ਹੈ, ਜੇ ਸੁਖਬੀਰ ਬਾਦਲ ਨੂੰ ਕੱਚੇ ਮੁਲਾਜ਼ਮਾਂ ਦਾ ਇੰਨਾ ਫਿਕਰ ਸੀ ਤਾਂ ਉਸ ਨੇ ਆਪਣੀ ਸਰਕਾਰ ਦੇ ਪਿਛਲੇ 10 ਸਾਲਾਂ ਦੇ ਸਮੇਂ ਦੌਰਾਨ ਇਨ੍ਹਾਂ ਨੂੰ ਪੱਕਾ ਕਿਉਂ ਨਾ ਕੀਤਾ, ਜਦ ਕਿ ਇਹ ਮੁਲਾਜ਼ਮ ਪਿਛਲੇ 15-16 ਸਾਲਾਂ ਤੋਂ ਕੱਚੇ ਮੁਲਾਜ਼ਮਾਂ ਵਜੋਂ ਨੌਕਰੀ ਕਰ ਰਹੇ ਹਨ। ਇਸ ਮੌਕੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅਰਵਿੰਦ ਕੇਜਰੀਵਾਲ ਉੱਤੇ ਵਿਅੰਗ ਵਜੋਂ ਕਿਹਾ ਕਿਲੋਕ ਉਸ ਦੀਆਂ ਗੱਲਾਂ ਉੱਤੇ ਪੰਜਾਬ ਦੇ ਭਰੋਸਾ ਨਾ ਕਰਨ, ਕਿਉਂਕਿ ਕੇਜਰੀਵਾਲ ਪੰਜਾਬ ਵਿੱਚ ਆਪਣੀ ਸਰਕਾਰ ਬਣਨ ਉੱਤੇ ਨਸ਼ੇ ਦੇ ਵਪਾਰੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਗੱਲ ਕਰਦਾ ਹੈ, ਪਰ ਉਸੇ ਨੇ ਬਿਕਰਮ ਮਜੀਠੀਆ ਤੋਂ ਮੁਆਫੀ ਮੰਗੀ ਸੀ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦਾ ਕੋਈ ਸਾਫ ਸਟੈਂਡ ਨਹੀਂ, ਉਹ ਪੰਜਾਬ ਵਿੱਚ ਪੰਜਾਬ ਪੱਖੀ ਅਤੇ ਦਿੱਲੀ ਜਾ ਕੇ ਪੰਜਾਬ ਵਿਰੋਧੀ ਗੱਲਾਂ ਕਰਦਾ ਹੈ। ਉਨ੍ਹਾ ਕਿਹਾ ਕਿ ਪੰਜਾਬ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਾਂਗਰਸ ਸਰਕਾਰ ਕਰੇਗੀ।

## ਦੋ ਦੋਸਤਾਂ ਵੱਲੋਂ ਜ਼ਹਿਰੀਲੀ ਚੀਜ਼ ਨਿਗਲ ਕੇ ਖ਼ੁਦਕੁਸ਼ੀ

ਤਲਵੰਡੀ ਭਾਈ, 30 ਨਵੰਬਰ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਜਵਾਹਰ ਸਿੰਘ ਵਾਲਾ (ਵਾੜਾ ਜੈਦ) ਅਤੇ ਉਗੋਕੇ ਦੇ ਦੋ ਨੌਜਵਾਨਾਂ ਵੱਲੋਂ ਇੱਕਠਿਆਂ ਜ਼ਹਿਰੀਲੀ ਚੀਜ਼ ਨਿਗਲ ਕੇ ਖ਼ੁਦਕੁਸ਼ੀ ਕਰ ਲਈ ਹੈ। ਦੋਵੇਂ ਸਕੂਲ ਸਮੇਂ ਤੋਂ ਗੂੜ੍ਹੇ ਦੋਸਤ ਸਨ। ਪਤਾ ਲੱਗਿਆ ਹੈ ਕਿ ਉਕਤ ਦੋਵਾਂ ਨੌਜਵਾਨਾਂ ਦੀ ਵਿਦੇਸ਼ ਜਾਣ ਦੀ ਇੱਛਾ ਪੂਰੀ ਨਹੀਂ ਹੋ ਰਹੀ ਸੀ।ਦੱਸਿਆ ਗਿਆ ਹੈ ਕਿ ਕੱਲ੍ਹ ਉਹ ਦੋਵੇਂ ਜਲੰਧਰ ਦੇ ਇੱਕ ਟਰੈਵਲ ਏਜੰਟ ਕੋਲ ਗਏ ਸਨ। ਹਰਵਿੰਦਰ ਸਿੰਘ (20) ਪੁੱਤਰ ਹਰਚੰਦ ਸਿੰਘ ਪਿੰਡ ਜਵਾਹਰ ਸਿੰਘ ਵਾਲਾ ਅਤੇ ਲਵਵੀਰ ਸਿੰਘ (20) ਪੁੱਤਰ ਜਗਰਾਜ ਸਿੰਘ ਪਿੰਡ ਉਗੋਕੇ ਨੇ ਰਾਤ ਕੋਈ ਜ਼ਹਿਰੀਲੀ ਚੀਜ਼ ਖਾ ਲਈ, ਜਿਸ ਕਾਰਨ ਪਰਵਾਰ ਨੇ ਉਨ੍ਹਾਂ ਨੂੰ ਫ਼ਰੀਦਕੋਟ ਦੇ ਇੱਕ ਨਿੱਜੀ ਹਸਪਤਾਲ ਦਾਖ਼ਲ ਕਰਵਾਇਆ, ਜਿੱਥੇ ਦੋਵਾਂ ਦੀ ਮੌਤ ਹੋ ਗਈ। ਹਰਵਿੰਦਰ ਸਿੰਘ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਜਦਕਿ ਲਵਵੀਰ ਸਿੰਘ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ ਅਤੇ ਉਸ ਦੇ ਪਿਤਾ ਦੀ ਵੀ ਮੌਤ ਹੋ ਚੁੱਕੀ ਹੈ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

## ਆਓ ਵਿਚਾਰ ਕਰੀਏ

# ਪਾਰਲੀਮੈਂਟ ਵਿੱਚ ਵਿਧਾਇਕ ਆਜ਼ਾਦੀ ਨਾਲ ਲੋਕਾਂ ਦੀ ਪ੍ਰਤੀਨਿਧਤਾ ਨਹੀਂ ਕਰਦੇ

-ਦਲੀਪ ਸਿੰਘ ਵਾਸਨ, ਐਡਵੋਕੇਟ-

ਸਾਡਾ ਮੁਲਕ ਪਰਜਾਤੰਤਰ ਹੈ ਅਤੇ ਇਹ ਵਾਲਾ ਪਰਜਾਤੰਤਰ ਆਇਆ ਅੱਜ ਸਤ ਦਹਾਕਿਆਂ ਤੋਂ ਉਤੇ ਦਾ ਸਮਾ ਹੋ ਗਿਆ ਹੈ। ਅਤੇ ਅਸੀਂ ਦੁਨੀਆਂ ਭਰ ਨੂੰ ਇਹਆਖ ਵੀ ਬੈਠੇ ਹਾਂ ਕਿ ਅਸੀਂ ਦੁਨੀਆਂ ਦਾ ਸਭਤੋਂ ਵਡਾ ਪਰਜਾਤੰਤਰ ਹਾਂ ਅਤੇ ਇਹ ਵੀ ਆਖ ਬੈਠੇ ਹਾਂ ਕਿ ਇਹ ਐਸਾ ਪਰਜਾਤੰਤਰ ਹੈਜਿਹੜਾ ਅਸਾਂ ਕਾਇਮ ਵੀ ਕਰ ਲਿਆ ਹੈ ਅਤੇ ਬਿੰਨਾਂ ਕਿਸੇ ਵਿਘਨਦੇ ਚਲਾਈ ਵੀ ਆ ਰਹੇ ਹਾਂ। ਇਕ ਵਾਰੀਂ ਇਸ ਮੁਲਕ ਵਿੱਚ ਐਮਰਜੈਂਸੀ ਲਗੀ ਸੀ ਅਤੇ ਉਹ ਮਾੜੇ ਦਿੰਨ ਅਸਾਂ ਅਜ ਤਕ ਭੁਲੇ ਨਹੀਂ ਹਾਂ।

ਸਾਡੀ ਖੁਸ਼ਕਿਸਮਤੀ ਇਹ ਰਹੀ ਹੈ ਕਿ ਇਸ ਮੁਲਕ ਦਾ ਰਾਜ ਅਰਥਾਤ ਪ੍ਰਸ਼ਾਸਨ ਅੰਗਰੇਜ਼ ਸਾਮਰਾਜੀਆਂ ਨੇ ਬਹੁਤ ਹੀ ਵਧੀਆਂ ਢੰਗ ਨਾਲ ਸਥਾਪਿਤ ਕਰਕੇ ਚਲਾਕੇ ਸਾਡੇ ਹਵਾਲੇ ਕਰ ਦਿਤਾ ਸੀ ਅਤੇ ਜਿਵੇਂ ਦਾ ਪ੍ਰਸ਼ਾਸਨ ਚਲਦਾ ਉਹ ਛਡ ਗਏ ਸਨ ਅਸੀਂ ਬਿੰਨਾ ਕੋਈ ਵਡੀ ਤਰਮੀਮ ਕੀਤੇਚਲਦਾ ਰਖ ਰਖਿਆ ਹੈ ਅਤੇ ਉਹੀ ਲਿਖਤੀ ਢਾਂਚਾ ਜਿਹੜਾ ਉਹ ਚਲਦਾ ਕਰਕੇ ਗਏ ਸਨ ਅਸੀਂ ਉਵੇਂ ਹੀ ਚਲਾਈ ਆ ਰਹੇ ਹਾਂ। ਕਈ ਵਾਰੀਂ ਇਹ ਸੋਚਣਾ ਵੀ ਪੈ ਜਾਂਦਾ ਹੈ ਕਿ ਅਗਰ ਇਹੀਮੁਲਕ ਮੁਗ਼ਲਾਂ ਬਾਅਦ ਸਾਡੇਹਵਾਲੇਆ ਜਾਂਦਾ ਤਾਂਕੀ ਅਸੀਂ ਇਹ ਚਲਾ ਸਕਣਾ ਸੀ ਜਾ ਸਾਡੇ ਮੁਲਕ ਦੇ ਇਹ ਰਾਜਸੀ ਲੋਕੀਂ ਇੰਨ੍ਹਾਂ ਚੋਣਾਂ ਨੂੰ ਪਾਨੀਪਤਿ ਦੀਆਂ ਲੜਾਈਆਂ ਬਣਾਕੇ ਲੜੀ ਹੀ ਜਾਂਦੇ ਅਤੇ ਮੁਲਕ ਦਾ ਸਤਿਆਨਾਸ ਕਰਕੇ ਰਖ ਦਿੰਦੇ।

ਅਸਾ ਬਹੁਤ ਹੀ ਵਧੀਆਂ ਸੰਵਿਧਾਨ ਲਿਖ ਲਿਆ ਹੈ ਅਤੇ ਅਗਰ ਸਾਡੇ ਸੰਵਿਧਾਨ ਮੁਤਾਬਿਕ ਸਾਡੀ ਪਾਰਲੀਮੈਂਟ ਬਣ ਆਵੇ, ਸੰਵਿਧਾਨ ਵਿੱਚ ਲਿਖੀ ਕਾਰਜਵਿਧੀ ਅਪਨਾਈ ਜਾਵੇ ਅਤੇ ਪਾਰਲੀਮੈਂਟ ਵਿੱਚਲੋਕਾਂ ਦੇ ਪ੍ਰਤੀਨਿਧ ਜਾਕੇ ਬੈਠਣ ਜਿਹੜੇ ਇਹ ਕਸਮ ਖਾਣ ਕਿ ਉਹ ਲੋਕਾਂ ਦੇ ਪ੍ਰਤੀਨਿਧ ਹਨ, ਕਿਸੇ ਪਾਰਟੀ ਜਾਂ ਕਿਸੇ ਵਿਅਕਤੀਵਿਸ਼ੇਸ਼ ਦੇ ਸਪੋਰਟਰ ਨਹੀਂ ਹਨ ਅਤੇਉਹ ਇਥੇ ਜਿਹੜਾ ਵੀ ਕੰਮ ਕਰਨਗੇ ਲੋਕਾਂ ਦੀ ਭਲਾਈ ਲਈ ਕਰਨਗੇ ਅਤੇ ਕਾਰਜਵਿਧੀ ਵੀ ਉਹੀ ਅਪਨਾਈ ਜਾਵੇਗੀ ਜਿਹੜੀ ਸਥਾਪਿਤ ਹੈ ਤਾਂ ਇਹ ਅਜ ਜਿਹੜੀ ਇਹ ਕਾਰਵਾਈ ਖੇਤੀ ਬਿਲਾਂ ਉਤੇ ਕਰਨੀ ਪਈ ਹੈ ਇਹ ਕਰਨ ਦੀ ਲੋੜ ਨਾ ਪੈਂਦੀ। ਬਿਲਾਂ ਦਾ ਪਾਸ ਹੋ ਜਾਣਾ, ਲੋਕਾਂ ਦੀ ਵਿਰੋਧਤਾ ਆ ਜਾਣੀ ਅਤੇਫਿਰ ਵਿਰੋਧਤਾ ਦੇ ਦਬਾਓ ਤਲੇ ਆਕੇ ਕਾਨੂੰਨ ਵਾਪਸ ਲੈਣੇ ਪੈ ਜਾਣ, ਇਹ ਨਿਕੀ ਜਿਹੀ ਘਟਨਾ ਨਹੀਂ ਹੈ ਅਤੇ ਇਹ ਬਹੁਤ ਹੀ ਵਡਾ ਦੁਖਾਂਤ ਹੈ। ਅਤੇ ਇਤਨਾ ਵਡਾ ਦੁਖਾਂਤ ਵਾਪਰ ਜਾਣਾ ਮੁਲਕ ਲਈ ਬਹੁਤ ਹੀ ਮੰਦਭਹ ਹੈ। ਅਸਾਂਦੇਖਿਆ ਕਿ ਇਹ ਖੇਤੀ ਬਿਲ ਕਿਵੇਂ ਸਦਨ ਵਿੱਚ ਆਏ, ਕਿਵੇਂ ਬਹਿਸ ਹੋਈ, ਕਿਵੇਂ ਪਾਸ ਕਰ ਦਿਤੇ ਗਏ, ਕਿਵੇਂ ਰਾਜਯ ਸਭਾ ਵਿੱਚਗਏ,



ਕਿਵੇਂ ਰਾਸ਼ਟਰਪਤੀ ਜੀ ਪਾਸੋਂ ਪਾਸ ਕਰਵਾਏ ਗਏ ਅਤੇ ਅਧਿਸੂਚਨਟਾ ਕਰਨ ਬਾਅਦ ਕਿਵੇਂ ਮੁਲਕ ਵਿੱਚਬਾਕਾਇਦਾ ਕਿਸਾਨਾ ਦਾ ਅੰਦੋਲਨਚਲਿਆ, ਕਿਵੇਂ ਇਹ ਅੰਦੋਲਮਨ ਲਮਕਦਾ ਗਿਆ, ਕਿਵੇਂ ਲੋਕਾਂ ਦੀਆਂ ਮੌਤਾਂ ਹੋਈਆਂ, ਕਿਵੇਂ ਆਮ ਲੋਕਾਂ ਦਾ ਜੀਵਨ ਖੜੌਤ ਵਿੱਚ ਆ ਗਿਆ, ਕਿਵੇਂ ਸਾਰੇ ਲੋਕੀਂ ਹੈਰਾਨ ਪ੍ਰੇਸ਼ਾਨ ਹੋ ਗਏ, ਮਾਨਯੋਗ ਅਦਾਲਤਾਂਪਾਸ ਕੀਆਖਿਆ ਗਿਆ ਅਤੇ ਆਖਰ ਕਿੰਨ੍ਹਾਂ ਹਾਲਤਾ ਵਿਚ ਇਹ ਕਾਨੂੰਨ ਵਾਪਸ ਲੈਣੇ ਪਏ, ਇਹ ਇਸ ਮੁਲਕ ਵਿੱਚਨਿਕੀ ਜਿਹੀ ਘਟਨਾ ਨਹੀਂਹੈ। ਇਹ ਵਡਾ ਦੁਖਾਂਤ ਹੈ। ਇਤਨਾ ਵਡਾ ਪਰਜਾਤੰਤਰ, ਇਤਨਾ ਦੇਰ ਦਾ ਤਜਰਬਾ ਅਤੇਗਲਤ ਕਾਨੂੰਨਾਂ ਦਾ ਪਾਸ ਹੋ ਜਾਣਾ ਬਹੁਤ ਹੀ ਵਡਾ ਦੁਖਾਂਤ ਸੀ ਅਤੇ ਇਸ ਲਈ ਅਜ ਵਕਤ ਆ ਗਿਆ ਹੈ ਕਿ ਅਸੀਂ ਸਾਰੇ ਸੋਚੀਏ ਕਿ ਐਸੀ ਘਟਨਾ ਮੁੜ ਕਦੀ ਵੀਨਾਂ ਵਾਪਰੇ ਅਤੇਅਸੀਂ ਕੀ ਕਰੀਏ ਜਿਸ ਨਾਲੀ ਸਾਡੀ ਪਾਰਲੀਮੈਂਟ ਦੀ ਬਣਤਰ ਸਹੀ ਹੋ ਜਾਵੇ ਅਤੇ ਇਥੇਜਿਹੜੀ ਕਾਰਜਵਿਧੀ ਅਪਨਾਈ ਜਾ ਰਹੀ ਹੈ ਉਹ ਵੀ ਅਸੀਂ ਠੀਕ ਠਾਕ ਕਰ ਲਈਏ।

ਸਾਡੀ ਪਾਰਲੀਮੈਂਟ ਵਿੱਚ ਕੌਣ ਬੈਠੇ, ਉਸਦੀ ਉਮਰ ਯੋਗਤਾ ਕੀ ਹੋਣੀ ਚਾਹੀਦੀ ਹੈ ਅਤੇ ਉਹ ਲੋਕਾਂ ਦਾ ਪ੍ਰਤੀਨਿਧ ਕਿਵੇਂ ਬਣੇ ਇਹ ਮੁਢਲੀਆਂ ਗਲਾਂ ਹੀ ਹਾਲਾਂ ਤਕ ਠੀਕ ਠਾਕ ਨਹੀਂ ਹਨ ਅਤੇ ਕੁਝ ਰਾਜਸੀ ਖਾਨਦਾਨਾ ਅਤੇ ਕੁਝ ਵਿਅਕਤੀਵਿਸ਼ੇਸ਼ਾਂ ਨੇ ਸਾਡੀ ਪਾਰਲੀਮੈਂਟ ਉਤੇ ਕਬਜ਼ਾ ਕਰ ਰਖਿਆ ਹੈ ਅਤੇ ਉਹ ਆਪਣੇ ਆਪਣੇ ਸਪੋਰਟਰ ਲੈਕੇ ਇਥੇ ਆ ਬੈਠਦੇ ਹਨ, ਜਿਸ ਪਾਸ ਸਪੋਰਟਰ ਜ਼ਿਅਦਾ ਹੁੰਦੇ ਹਨ ਉਹ ਰਾਜ ਕਰੀ ਜਾਂਦਾ ਹੈ ਅਤੇ ਜਿੰਨ੍ਹਾਂ ਪਾਸ ਸਪੋਰਟਰ ਘਟ ਰਹਿ ਜਾਂਦੇ ਹਨ ਉਹ ਵਿਰੋਧੀ ਧਿਰਾਂ ਬਣ ਬੈਠਦੀਆਂ ਹਨ ਅਤੇ ਬਾਕੀ ਦੀ ਜਿਹੜੀਕਾਰਵਾਈ ਇਥੇ ਹੁੰਦੀ ਹੈ ਅਸੀਂ ਦੇਖਦੇ ਹੀ ਆ ਰਹੇ ਹਾਂ। ਕੁਲ ਮਿਲਾਕੇ ਇਹ ਦਿਖਦਾ ਤਾਂ ਪਰਜਾਤੰਤਰ ਹੈ, ਪਰ ਅਸਲ ਵਿੱਚ ਇਹ ਇਕਪੁਰਖਾ ਜਿਹਾ ਰਾਜ ਆ ਗਿਆ ਹੈਅਤੇ ਅਸੀਂ ਅਜ ਤਕ ਹੋਏ ਕੁਝ ਪ੍ਰਧਾਨ ਮੰਤਰੀਆਂ ਦੇ ਨਾਮ ਗਿਣ ਸਕਦੇਹਾਂ ਅਤੇ ਇਹਵੀ ਦਸ ਸਕਦੇ ਹਾਂ ਉਹ ਕੀ ਕੀ ਕਰਗਏ ਹਨ ਅਤੇਅਜ ਤਕ ਕੋਈ ਵੀਇਹ ਨਹੀਂ ਦਸ ਸਕਦਾ ਕਿ ਇਹ ਬਾਕੀ ਦੇ ਵਿਧਾਇਕ ਜਿਹੜੇਚਾਹੇਸਪੋਰਬਟਰ ਸਨ ਜਾਂ ਵਿਰੋਧੀਆਂ ਨਾਲ ਬੈਠੇ ਰਹੇ ਹਨ ਇਹ ਕੀ ਕਰਦੇ ਰਹੇਹਨ।

ਇਹ ਖੇਤੀ ਬਿਲ ਅਗਰ ਲੋਕਾਂ ਦੇ ਪ੍ਰਤੀਨਿਧਾਂ ਨੇ ਬਣਾਏ ਹੁੰਦੇ, ਬਾਕ-ਾਇਤਾ ਜੰਤਕ ਵੀ ਕੀਤੇ ਗਏ ਹੁੰਦੇ, ਬਾਕਾਇਦਾ ਜੰਤਾ ਵਿੱਚ ਅਤੇ ਪ੍ਰੈਸ ਵਿੱਚ ਵਿਚਾਰੇ ਜਾਂਦੇ, ਬਾਕਾਇਦਾ ਹਰੇਕ ਵਿਧਾਇਕ ਆਪਣੇ ਆਪਨੂੰ ਲੋਕਾਂ ਦਾ ਪ੍ਰਤੀਨਿਧ ਸਮਝਕੇ ਬਿਲਾਂ ਦੇ ਹਰ ਨੁਕਤੇ ਉਤੇ ਵਿਚਾਰ ਕਰਦਾ, ਬਾਕਾਇਦਾ ਆਜ਼ਾਦੀ ਨਾਲ ਬਹਿਸ ਵਿੱਚ ਹਿਸਾ ਲੈਂਦਾ ਅਤੇ ਆਪਣੀ ਜ਼ਮੀਰ ਦੀ ਆਵਾਜ਼ ਸੁਣਕੇ ਵੋਟ ਪਾਉਂਦਾ ਤਾਂ ਹੋ ਸਕਦਾ ਸੀ ਇਹ ਬਿਲ ਪਾਸ ਹੀ ਨਹੀਂ ਸਨ ਹੋਣੇ। ਇਥੇ ਤਾਂ ਪ੍ਰਧਾਨ ਮੰਤਰੀ ਉਤੇ ਵਿਰੋਧੀਆਂ ਨੇ ਇਹ ਇਲਜ਼ਾਮ ਵੀ ਲਗਾ ਦਿਤਾ ਸੀ ਕਿ ਇਹ ਬਿਲ ਮਾੜੀ ਨੀਅਤ ਨਾਲ ਬਣਾਏਗਏ ਹਨ। ਇਹਵੀ ਆਖ ਦਿਤਾ ਗਿਆ ਸੀ ਕਿ ਇਹ ਬਿਲ ਕਾਰਪੋਰੇਟ ਅਦਾਰਿਆਂ ਨੂੰ ਖੇਤੀ ਬਾੜੀ ਸੈਕਟਰ ਵਿੱਚ ਘੁਸੇੜਨ ਲਈ ਤਿਆਰ ਕੀਤੇ ਗਏ ਹਨ ਤਾਂਕਿ ਨੇੜੇ ਦੇਭਵਿਖ ਵਿੱਚ ਇਹ ਖੇਤੀ ਬਾੜੀ ਵਾਲਾ ਸੈਕਟਰ ਵੀ ਕਿਸਾਂਨਾਂ ਹਥੋਂ ਜਾਂਦਾ ਰਵੇ ਅਤੇ ਕਾਰ-ਪੋਰੇਟ ਅਦਾਰਿਆ ਪਾਸ ਆ ਜਾਵੇ ਅਤੇ ਕਿਸਾਨ ਜਿਹੜੇਅਜ ਮਾਲਕੀਆਂ ਸੰਭਾਲੀਬੈਠੇ ਹਨ, ਕਲ ਸਿਰਫ ਅਤੇ ਸਿਰਫ ਨੌਕਰ ਅਰਥਾਤ ਮਜ਼ਦੂਰ ਬਣਕੇ ਰਹਿ ਜਾਂਣ। ਪਰ ਇਹ ਇਲਜ਼ਾਮ ਬਸ ਇਲਜ਼ਾਮ ਹੀ ਰਹੇ ਮਜ਼ਾਕ ਉਡਾਇਆ ਗਿਆ ਅਤੇ ਇਹ ਪਾਰਲੀਮੈਂਟ ਵਿੱਚ ਸਪੋਰਟਰਾਂ ਦੀ ਮਦਦ ਨਾਲ ਝਟ ਪਟ ਪਾਸ ਵੀ ਕਰਵਾਕੇ ਬਾਕਾਇਦਾ ਰਾਸ਼ਟਰਪਤੀ ਜੀ ਦੇ ਹਸਤਾਖਰ ਕਰਵਾਕੇ ਅਧਿਸੂਚਨਾ ਵੀ ਕਰ ਦਿਤੀ ਗਈ। ਜੰਤਾ ਨੂੰ ਅਤੇ ਖਾਸ ਕਰਕੇ ਕਿਸਾਨਾਂ ਨੂੰਤਾਂ ਪਤਾ ਲਗਾ ਜਦ ਬਿਲ ਪਾਸ ਹੋਕੇ ਕਾਨੂੰਨ ਵੀ ਬਣ ਗਏ ਸਨ। ਜੰਤਾ ਪਾਸ ਹੁਣਅੰਦੋਲਨ ਕਰਨ ਦੇ ਹੋਰ ਕੋਈ ਚਾਰਾ ਨਹੀਂ ਸੀ ਅਤੇ ਇਹ ਅੰਦੋਲਨਇਤਨੀ ਦੇਰ ਚਲਦਾ ਰਿਹਾ ਅਤੇ ਮਾੜੇ ਮਾੜੇ ਨਾਮ ਵੀ ਇਸ ਅੰਦੋਲਨ ਦੇ ਰਖਕੇ ਇਕ ਕਿਸਮ ਦਾ ਮਜ਼ਾਕ ਉਡਾਇਆ ਗਿਆ। ਮੁਲਕ ਦੇ ਰਾਜਸੀ ਲੋਕਾਂ ਨੇ ਅਤੇ ਖਾਸ ਕਰਕੇ ਵਿਰੋਧੀ ਧਿਰਾਂ ਨੇ ਕੋਈ ਵੀਤਰਮੀਮੀ ਅਤੇ ਰਪੀਲ ਬਿਲ ਬਣਾਕੇ ਸਦਨ ਵਿੱਚ ਪੇਸ਼ ਨਹੀਂ ਕੀਤੇ ਅਤੇ ਬਸ ਸਰਕਾਰ ਅਤੇ ਕਿਸਾਨਾ ਵਿੱਚ ਚਲਦੇ ਇਸ ਘੋਲ ਦਾ ਤਮਾਸ਼ਾਂ ਦੇਖਣ ਲਗ ਪਏ। ਸਰਕਾਰ ਸੁਣਦੀ ਰਹੀ, ਪਰ ਨਤੀਜਾ ਕੋਈ ਨਾ ਨਿਕਲਿਆ। ਅਸਾਂ ਇਹ ਵੀ ਦੇਖਿਆ ਕਿ ਜਿਹੜੀ ਰਾਜਸੀ ਪਾਰਟੀ ਦਾ ਰਾਜ ਹੈ ਉਹ ਸਾਰੀ ਦੀ ਸਾਰੀ ਚੁਪ ਰਹੀ। ਕਿਸੇ ਵੀ ਸਰਕਾਰੀ ਵਿਧਾਹਿਕ ਨੇ ਵੀਮੂੰਹ ਖੋਲ੍ਹਣ ਦੀ ਜੁਅਰਤ ਨਾ ਕੀਤੀ ਅਤੇ ਸਾਰਾ ਕੁਝ ਇ ਪ੍ਰਧਾਨ ਮੰਤਰੀ ਉਤੇ ਹੀ ਛਡ ਦਿਤਾ। ਅਤੇ ਫਿਰ ਅਸਾਂ ਇਹ ਦੇਖਿਆ ਕਿ ਕੋਈ ਚਾਰਾ ਨਾਂਦੇਖਦਿਆ ਅਤੇ ਪਾਰਟੀ ਦਾ ਭਵਿਖ ਖਰਾਬ ਹੁੰਦਾ ਦੇਖਕੇ ਇਹ ਕਾਨੂੰਨਸਾਡੇ ਪ੍ਰਧਾਨ ਮੰਤਰੀ ਜੀ ਨੇ ਵਾਪਸ ਲੈ ਲਏ। ਇਹ ਸਜਬੂਰੀ ਕੁਝ ਅਜ ਇਤਿਹਾਸ ਹੈ ਪਰ ਇਹ ਵਾਲੀਘਟਨਾ ਸਦਾਹੀ ਸਾਡੇ ਪਰਜਾਤੰਤਰ ਉਤੇ ਧਬਾ ਹੀ ਬਣੀ ਰਵੇਗੀ ਕਿ ਇਤਨਾ ਤਜਰਬੇਕਾਰ ਪਰਜਾਤੰਤਰ ਵਿੱਚ ਵੀ ਐਸਾ ਹੋ ਸਕਦਾ ਹੈ ਕਿ ਕੋਈਮਾੜੀ ਨੀਅਤ ਨਾਲ ਬਿਲ ਰਖਕੇਵੀ ਪਾਸ ਕਰਵਾ ਸਕਦਾ ਹੈ। ਅਤੇ ਲੋਕਾਂਦੇ ਪ੍ਰਤੀਨਿਧ ਦੇਖਦੇ ਹੀ ਰਹਿ ਸਕਦੇ ਹਨ। ਇਹ ਕੈਸਾ ਪਰਜਾਤੰਤਰ ਆ ਬਣਿਆਹੈ ਅਤੇ ਪੌਣੀ ਸਦੀ ਤੋਂ ਚਲਦਾ ਵੀ ਰਿਹਾ ਹੈ।ਅਜਤਾਂਇਹ ਗਲ ਵੀ ਸ਼ੰਕਾ ਦੇ ਘੇਰੇ ਵਿੰਚ ਆ ਗਈ ਹੈ ਕਿ ਪਤਾ ਨਹੀਂ ਅਜ ਤਕ ਸਾਡੀ ਲੋਕ ਸਭਾ ਵਿੱਚ ਐਸੀਆਂ ਹੀ ਮਾੜੀ ਨੀਅਤ ਨਾਲ ਕਿਤਨੀਆਂ ਹੀ ਕਾਰਵਾਈਆਂ ਹੋ ਚੁਕੀਆਂ ਹਨ ਅਤੇ ਕਿਸੇ ਨੇ ਨੋਟ ਹੀ ਨਹੀਂ ਕੀਤੀਆਂ ਹਨ।ਸਪੋਰਟਰ ਚੁਪ ਹੀ ਰਹਿੰਦੇ ਰਹੇ ਹਨ ਅਤੇ ਵਿਰੋਧੀ ਵੀਪਹਿਲਾਂ ਤਾਂ ਬੋਲਦੇ ਹੀ ਨਹੀਂ ਹਨ ਅਤੇ ਅਗਰ ਕੋਈ ਬੋਲ ਵੀ ਪਵੇ ਤਾਂ ਕਦੀ ਕਿਸੇ ਨੇ ਉਨ੍ਹਾਂ ਦੀ ਆਖੀ ਸੁਣੀ ਹੀ ਨਹੀਂ ਹੈ। ਅਰਥਾਤ ਇਹ ਸਾਡੇ ਵਿਧਾਇਕ ਅਜ ਤਕ ਆਪਣੀ ਆਜ਼ਾਦੀ ਦੀ ਜੰਗ ਕਦੀ ਨਹੀਂ ਲੜੇ ਅਤੇ ਗੁਲਾਮਾਂ ਦੀਤਰ੍ਹਾਂ ਹੀ ਸਦਨਾ ਵਿੱਚ ਜਾਕੇ ਬੈਠਦੇ ਰਹੇਹਨ ਅਤੇ ਕਦੀ ਇਹ ਕੋਈ ਆਪਣੀ ਆਜ਼ਾਦੀ ਦਾ ਅੰਦੋਲਨ ਵੀ ਨਹੀਂ ਛੇੜ ਸਕੇ ਹਨ।

101-ਸੀ ਵਿਕਾਸ ਕਲੋਨੀ,
ਪਟਿਆਲਾ-ਪੰਜਾਬ-ਭਾਰਤ-147001
ਫੋਨ- 0175 5191856


## ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW


SINGH (TOCHI)
416-454-3031
647-784-8240
Email: tochisangha1@hotmail.com



## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


## ਮਿੰਨੀ ਕਹਾਣੀ- **ਕੌਫੀ**

-ਸਵਾਤੀ

"ਅੱਜ ਰਾਤ ਦੇ ਖਾਣੇ ਵਿੱਚ ਕੀ ਬਣਾਵਾ?" ਵੀਨਾ ਨੇ ਡਰਾਇੰਗ ਰੂਮ ਵਿੱਚ ਬੈਠੇ ਆਪਣੇ ਪਤੀ ਨੂੰ ਮੁਸਕਰਾਉਂਦੇ ਹੋਏ ਪੁੱਛਿਆ।

"ਕਿਉਂ ਅੱਜ ਮੇਰਾ ਜਨਮ ਦਿਨ ਹੈ, ਜੋ ਛੱਪਨ ਭੋਗ ਬਣੇਗਾ? ਜੋ ਮਨ ਹੋਵੇ ਬਣਾ ਲੈ। ਰੋਜ਼-ਰੋਜ਼ ਇੱਕੋ ਸਵਾਲ, ਤੂੰ ਬੋਰ ਨਹੀਂ ਹੁੰਦੀ ਰੋਜ਼ ਪੁੱਛ ਪੁੱਛ ਕੇ?" ਅਨਿਲ ਨੇ ਖਿਝ ਕੇ ਕਿਹਾ। ਉਂਗਲਾਂ ਅਤੇ ਨਜ਼ਰਾਂ ਲੈਪਟਾਪ ਉੱਤੇ ਹੀ ਸਨ। ਵੀਨਾ ਚੁੱਪਚਾਪ ਰਸੋਈ ਨੂੰ ਚਲੀ ਗਈ। ਬੋਲੀ ਕੁਝ ਨਹੀਂ, ਭਿੱਜੀਆਂ ਪਲਕਾਂ ਨੇ ਦਰਦ ਸਮੇਟ ਕੇ ਅੱਖਾਂ ਦੇ ਅੰਦਰ ਹੀ ਮੀਚ ਲਿਆ। ਅਨਿਲ ਨੂੰ ਅਹਿਸਾਸ ਹੋਇਆ ਕਿ ਉਸ ਨੇ ਦਫਤਰ ਦਾ ਸਾਰਾ ਗੁੱਸਾ ਬੇਵਜ੍ਹਾ ਵੀਨਾ ਉੱਤੇ ਕੱਢ ਦਿੱਤਾ। ਕੁਝ ਦੇਰ ਬਾਅਦ ਮਨ ਲਾਹਨਤ ਪਾਉਣ ਲੱਗਾ। ਅਨਿਲ ਨੂੰ ਪਛਤਾਵਾ ਮਹਿਸੂਸ ਹੋਇਆ। ਉਠ ਕੇ ਰਸੋਈ ਵਿੱਚ ਗਿਆ।

"ਕੀ ਬਣਾ ਰਹੀ ਏਂ?" ਅਨਿਲ ਨੇ ਬੜੇ ਮੁਲਾਇਮ ਲਹਿਜ਼ੇ ਵਿੱਚ ਪੁੱਛਿਆ। ਉਸ ਨੂੰ ਸਾਫ-ਸਾਫ ਦਿਸ ਰਿਹਾ ਸੀ ਬਰਸਾਤ ਵਿੱਚ ਉਸ ਦੇ ਪਸੰਦੀਦਾ ਬਾਟੀ-ਭੜਥੇ ਦੀ ਤਿਆਰੀ ਚੱਲ ਰਹੀ ਸੀ। ਵੀਨਾ ਨੇ ਕੋਈ ਜਵਾਬ ਨਹੀਂ ਦਿੱਤਾ।

"ਚੰਗਾ ਚੱਲ, ਤੂੰ ਥੋੜ੍ਹੀ ਦੇਰ ਬੈਠ, ਮੈਂ ਚਾਹ ਬਣਾ ਕੇ ਲਿਆਉਂਦਾ ਹਾਂ। ਨਹੀਂ, ਚਾਹ ਰਹਿਣ ਦਿੰਦੇ ਹਾਂ। ਬਾਰਿਸ਼ ਹੋ ਰਹੀ ਹੈ ਮੈਂ ਤੇਰੀ ਪਸੰਦੀਦਾ ਕੌਫੀ ਬਣਾ ਕੇ ਲਿਆਉਂਦਾ ਹਾਂ। ਨਾਲ ਮੈਂ ਤੇਰੇ ਫੇਵਰੇਟ ਕਾਜੂ ਫਰਾਈ ਵੀ।" ਅਨਿਲ ਨੇ ਵੀਨਾ ਦੇ ਹੱਥ ਵਿੱਚੋਂ ਦੁੱਧ ਦਾ ਪਤੀਲਾ ਲੈਂਦੇ ਹੋਏ ਕਿਹਾ।

"ਚਲੋ ਵੀ! ਰਹਿਣ ਦਿਓ। ਜ਼ਿੰਦਗੀ ਵਿੱਚ ਕਦੇ ਕੜਾਹੀ ਚੁੱਲ੍ਹੇ ਉੱਤੇ ਚੜ੍ਹਾਈ ਵੀ ਹੈ, ਜੋ ਅੱਜ ਕਾਜੂ ਤਲੋਗੇ? ਤੁਸੀਂ ਬੈਠੋ, ਮੈਂ ਹੀ ਬਣਾ ਕੇ ਲਿਆਉਂਦੀ ਹਾਂ।" ਵੀਨਾ ਨੇ ਮੁਸਕਰਾਉਂਦੇ ਹੋਏ ਕਿਹਾ।

ਅਨਿਲ ਜੇਤੂ ਮੁਸਕਾਨ ਨਾਲ ਬਾਹਰ ਨਿਕਲ ਆਇਆ। ਨਾਰਾਜ਼ਗੀ ਤੇ ਜ਼ਿਆਦਾ ਵਧਦੀ, ਉਸ ਤੋਂ ਪਹਿਲਾਂ ਅਨਿਲ ਨੇ ਗੱਲ ਸੰਭਾਲ ਲਈ। ਉਹ ਜਾਣਦਾ ਸੀ ਕਿ ਅਸਲ ਵਿੱਚ ਸੰਭਾਲਿਆ ਤਾਂ ਪਤਨੀ ਨੇ ਸੀ, ਗੱਲ ਨੂੰ ਬਿਨਾਂ ਤੂਲ ਦਿੱਤੇ ਹੋਏ। ਉਹ ਹਮੇਸ਼ਾ ਪਤੀ ਨੂੰ ਜਿੱਤਦੇ ਦੇਖਣਾ ਚਾਹੁੰਦੀ ਹੈ। ਫਿਰ ਖੁਦ ਤੋਂ ਭਲਾ ਕਿਵੇਂ ਹਾਰਨ ਦਿੰਦੀ। ਕੁਝ ਦੇਰ ਬਾਅਦ ਡਰਾਇੰਗ ਰੂਮ ਅਨਿਲ ਤੇ ਵੀਨਾ ਦੇ ਠਹਾਕਿਆਂ ਨਾਲ ਗੂੰਜ ਰਿਹਾ ਸੀ। ਕੌਫੀ ਦੀ ਮਹਿਕ ਨੇ ਕਮਰੇ ਵਿੱਚ ਤਾਜ਼ਗੀ ਭਰ ਦਿੱਤੀ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4


| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਬਾਲ ਕਵਿਤਾ : ਰੁੱਖ



ਹਰੇ -ਹਰੇ ਉੱਚੇ -ਉੱਚੇ ਕਿੰਨੇ ਸੋਹਣੇ ਰੁੱਖ ਨੇ
ਰੁੱਖ ਇਹ ਕੱਟਦੇ ਸਭ ਦੇ ਦੁੱਖ ਨੇ,
ਜੀਅ ਕਰਦਾ ਇਨ੍ਹਾਂ ਵੱਲ ਦੇਖੀ ਜਾਵਾਂ,
ਕੋਲ ਇਨ੍ਹਾਂ ਦੇ ਘਰ ਮੈਂ ਪਾਵਾਂ,
ਰੁੱਖਾਂ ਦੇ ਨਾਲ ਗੱਲਾਂ ਕਰਾਂ,
ਰੁੱਖਾਂ ਕੋਲ ਹੀ ਬਹਿ ਜਾਵਾਂ,
ਮਿੱਠੇ - ਮਿੱਠੇ ਫਲ ਰੁੱਖਾਂ ਦੇ ਮੈਂ ਖਾਵਾਂ ,
ਰੁੱਖਾਂ ਦੀ ਮੈਂ ਰਾਖੀ ਕਰਾਂ,
ਰੁੱਖਾਂ ਨੂੰ ਮੈਂ ਪਾਣੀ ਪਾਵਾਂ,
ਰੁੱਖ ਲਗਾਓ - ਰੁੱਖ ਲਗਾਓ,
ਇਨ੍ਹਾਂ ਨੂੰ ਨਾ ਕੱਟੋ , ਰੁੱਖਾਂ ਨੂੰ ਬਚਾਓ।




ਪ੍ਰਿੰਸ ਸਿੰਘ, ਜਮਾਤ - ਚੌਥੀ
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸਿੱਖਿਆ ਬਲਾਕ - ਸ੍ਰੀ ਅਨੰਦਪੁਰ ਸਾਹਿਬ (ਰੂਪਨਗਰ)

## ਬਾਲ ਕਵਿਤਾ : ਬੱਦਲ




ਸਾਨੂੰ ਚੰਗੇ ਲੱਗਦੇ ਬੱਦਲ ,
ਇਹ ਠੰਢਕ ਪਹੁੰਚਾਉਂਦੇ ਨੇ ,
ਬੱਚੇ ਖੁਸ਼ ਹੋ ਜਾਂਦੇ ਨੇ ,
ਜਦ ਮੀਂਹ ਵਰਸਾਉਂਦੇ ਨੇ ,
ਚਿੱਟੇ , ਭੂਰੇ , ਕਾਲੇ ਰੰਗ ਦੇ ,
ਕਈ ਰੰਗਾਂ ਦੇ ਬਣ - ਬਣ ਆਉਂਦੇ ਨੇ ,
ਸਾਨੂੰ ਚੰਗੇ ਲੱਗਦੇ ਬੱਦਲ ,
ਇਹ ਠੰਢਕ ਪਹੁੰਚਾਉਂਦੇ ਨੇ ।



ਹਰਨੀਤ ਕੌਰ
ਜਮਾਤ - ਚੌਥੀ,
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ (ਰੂਪਨਗਰ)


ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training

Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਮੋਦੀ ਨੇ ਸਾਰਥਿਕ ਪਹੁੰਚ ਨਾਲ ਜਿੱਤਿਆ ਸਿੱਖਾਂ ਦਾ ਭਰੋਸਾ



ਪ੍ਰੋ: ਸਰਚਾਂਦ ਸਿੰਘ ਖ਼ਿਆਲਾ

ਇਕ ਭਾਈਚਾਰਾ, ਜਿਸ ਨੇ ਅਜ਼ਾਦ ਭਾਰਤ ਦੇ ਨਿਰਮਾਣ ਲਈ ਸਭ ਨਾਲੋਂ ਵੱਧ ਖ਼ੂਨ ਵਹਾਇਆ, ਆਪਣੇ ਪੁੱਤਰਾਂ ਦੀ ਕੁਰਬਾਨੀ ਦਿੱਤੀ, ਦੇਸ਼ ਨੂੰ ਅਨਾਜ ਪੱਖੋਂ ਆਤਮ ਨਿਰਭਰ ਕਰਨ ਦਾ ਸਵਾਲ ਆਇਆ ਤਾਂ 1.5 ਫ਼ੀਸਦੀ ਖੇਤਰਫਲ ਦੇ ਬਾਵਜੂਦ 70 ਫ਼ੀਸਦੀ ਕੇਂਦਰੀ ਅਨਾਜ ਭੰਡਾਰ 'ਚ ਯੋਗਦਾਨ ਪਾਉਂਦਾ ਰਿਹਾ। ਜਿਸ ਦੇਸ਼ ਨੂੰ ਆਪਣਾ ਸਮਝਦਿਆਂ ਆਪਣੀ ਕਿਸਮਤ ਇਸ ਦੇ ਹਵਾਲੇ ਕੀਤਾ,ਕੀ ਪਤਾ ਸੀ ਕਿ ਉਸੇ ਦੇਸ਼ ਵਿਚ ਇਕ ਦਿਨ ਬੇਆਬਰੂ ਹੋਣ ਦਾ ਦਰਦ ਇਸ ਲਈ ਸਹਿਣ ਪਵੇਗਾ ਕਿਉਂਕਿ ਉਨ੍ਹਾਂ ਦੇ ਸਿਰਾਂ 'ਤੇ ਪਗੜੀਆਂ ਬੰਨੀਆਂ ਹੋਈਆਂ ਸਨ ਤੇ ਲੰਮੇ ਕੇਸ ਸਨ। ਨਵੰਬਰ '84 ਦੇ ਉਸ ਤਿੰਨ ਦਿਨ ਦੌਰਾਨ ਸਿੱਖ ਹੋਣ ਦਾ ਅਰਥ ਹੀ ਮੌਤ ਸੀ। ਵਿਸ਼ਵ ਭਰ 'ਚ ਉੱਠੀ ਅਵਾਜ਼ ਅਤੇ ਦਬਾਅ 'ਤੇ ਇਸ ਸਿੱਖ ਕਤਲੇਆਮ ਦਾ ਸੱਚ ਸਾਹਮਣੇ ਲਿਆਉਣ ਪ੍ਰਤੀ ਮਰਵਾਹਾ ਕਮਿਸ਼ਨ, ਮਿਸ਼ਰਾ ਕਮਿਸ਼ਨ, ਕੁਸ਼ਮ ਮਿੱਤਲ ਕਮੇਟੀ, ਜੈਨ ਬੈਨਰਜੀ ਕਮੇਟੀ, ਪੋਟੀ ਰੋਸ਼ਾ ਕਮੇਟੀ, ਜੈਨ ਅਗਰਵਾਲ ਕਮੇਟੀ, ਨਰੂਲਾ ਕਮੇਟੀ ਅਤੇ ਫਿਰ ਨਾਨਾਵਤੀ ਕਮਿਸ਼ਨ ਆਦਿ ਦਰਜਨਾਂ ਜਾਂਚ ਕਮਿਸ਼ਨਾਂ ਬਣੀਆਂ। ਅਨੇਕਾਂ ਸੀਨੀਅਰ ਕਾਂਗਰਸੀ ਆਗੂ ਦੋਸ਼ੀ ਪਾਏ ਜਾਣ ਦੇ ਬਾਵਜੂਦ ਗਾਂਧੀਆਂ ਦੀਆਂ ਸਰਕਾਰਾਂ ਵੱਲੋਂ ਉਨ੍ਹਾਂ ਦੋਸ਼ੀਆਂ ਨੂੰ ਕਲੀਨ ਚਿਟਾਂ ਹੀ ਨਹੀਂ ਸਗੋਂ ਇਨਾਮ ਵਜੋਂ ਉੱਚੇ ਰੁਤਬਿਆਂ ਨਾਲ ਨਿਵਾਜੇ ਗਏ। ਸਿਤਮਜਰੀਫੀ ਦੇਖੋ ਕਿ ਹਜ਼ਾਰਾਂ ਨਿਰਦੋਸ਼ ਕੋਹ ਕੋਹ ਕੇ ਮਾਰ ਦਿੱਤੇ ਗਏ ਪਰ ਦੋਸ਼ੀ ਕੋਈ ਨਾ ਸੀ? ਇਨਸਾਫ਼ ਕਿਧਰੇ ਨਜ਼ਰ ਨਾ ਆਇਆ ਤਾਂ ਵਿਸ਼ਵ ਦੀਆਂ ਨਜ਼ਰਾਂ 'ਚ ਭਾਰਤੀ ਜਮਹੂਰੀਅਤ ਦਾ ਜਨਾਜ਼ਾ ਖੁੱਲ੍ਹੇਆਮ ਨਿਕਲਣਾ ਤਹਿ ਸੀ, ਫਿਰ ਲੋਕਤੰਤਰ ਦਾ ਗਰਾਫ਼ ਡਿਗਣੋਂ ਕਿਵੇਂ ਰਹਿ ਸਕਦਾ ਸੀ? ਰਾਜੀਵ ਹਕੂਮਤ ਦੌਰਾਨ 31 ਅਕਤੂਬਰ 1984 ਨੂੰ ਦਿਲੀ ਸਮੇਤ ਅਨੇਕਾਂ ਸ਼ਹਿਰਾਂ 'ਚ ਕਾਂਗਰਸ ਵੱਲੋਂ ਅਜ਼ਾਦੀ ਤੋਂ 37 ਸਾਲ ਬਾਅਦ ਵਰਤਾਏ ਗਏ ਇਸ ਦੁਖਾਂਤ ਦੇ ਜ਼ਖ਼ਮਾਂ ਨੂੰ 37 ਸਾਲ ਬਾਅਦ ਕਿਸੇ ਨੇ ਮਲ੍ਹਮ ਲਾਉਣ ਦਾ ਕੰਮ ਕੀਤਾ ਤਾਂ ਉਹ ਕੇਵਲ ਸ੍ਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਕੀਤਾ। ਸ੍ਰੀ ਮੋਦੀ ਨੇ ਸਰਕਾਰ 'ਚ ਆਉਂਦਿਆਂ ਹੀ '84 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਦੀ ਸ਼ਨਾਖ਼ਤ ਲਈ ਐੱਸ ਆਈ ਟੀ ਬਣਾਈ ਅਤੇ ਸਜਣ ਕੁਮਾਰ ਵਰਗੇ ਸੀਨੀਅਰ ਕਾਂਗਰਸੀ ਆਗੂਆਂ ਸਮੇਤ ਕਈਆਂ ਨੂੰ ਸਜਾਵਾਂ ਦਿਵਾ ਕੇ ਸਲਾਖ਼ਾਂ ਪਿੱਛੇ ਭੇਜਿਆ। ਇਹ ਪਹਿਲੀ ਵਾਰ ਹੈ ਕਿ ਕੇਂਦਰ ਸਰਕਾਰ ਪ੍ਰਤੀ ਸਿੱਖ ਭਾਈਚਾਰੇ ਨੂੰ ਆਪਣੇ ਪਨ ਦਾ ਅਹਿਸਾਸ ਹੋਇਆ। ਵਰਨਾ ਇੰਦਰਾ ਰਾਜੀਵ ਗਾਂਧੀ ਦੀਆਂ ਹਕੂਮਤਾਂ ਨੇ ਧਾਰਮਿਕ ਅਤੇ ਰਾਜਨੀਤਕ ਪੱਖੋਂ ਵਧੀਕੀਆਂ ਕਰਦਿਆਂ ਸਿੱਖ ਭਾਈਚਾਰੇ ਨੂੰ ਬੇਗਾਨਗੀ ਅਤੇ ਦੂਜੇ ਦਰਜੇ ਦੇ ਆਪਣੇ ਹੋਣ ਦਾ ਹੀ ਅਹਿਸਾਸ ਕਰਾਇਆ ਸੀ। ਨਰਿੰਦਰ ਮੋਦੀ ਸਰਕਾਰ ਹੀ ਹੈ ਜਿਸ ਨੇ ਵਲੂੰਧਰੇ ਹੋਏ ਸਿੱਖ ਹਿਰਦਿਆਂ ਨੂੰ ਸ਼ਾਂਤ ਕਰਨ ਵਲ ਵਿਸ਼ੇਸ਼ ਧਿਆਨ ਦਿੱਤਾ। ਸਿੱਖ ਭਾਈਚਾਰੇ ਪ੍ਰਤੀ ਹਕੂਮਤਾਂ ਦੀ ਸਕਾਰਾਤਮਿਕ ਅਤੇ ਨਕਾਰਾਤਮਿਕ ਨੀਅਤ ਦਾ ਇੱਥੋਂ ਸੌਖਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸ੍ਰੀਮਤੀ ਇੰਦਰਾ ਗਾਂਧੀ ਨੇ ਹਿੰਦੂ ਸਿੱਖ ਭਾਈਚਾਰਕ ਸਾਂਝ ਨੂੰ ਲੀਰੋਂ ਲੀਰ ਕਰਨ ਅਤੇ ਸਿੱਖੀ ਅਣਖ ਨੂੰ ਵੰਗਾਰਦਿਆਂ ਜੂਨ '84 ਵਿਚ ਸਿੱਖਾਂ ਦੇ ਮੁਕੱਦਸ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ 'ਤੇ ਤੋਪਾਂ ਟੈਂਕਾ ਨਾਲ ਫ਼ੌਜੀ ਕਾਰਵਾਈ ਕਰਦਿਆਂ ਹਜ਼ਾਰਾਂ ਬੇਦੋਸ਼ੇ ਸ਼ਰਧਾਲੂਆਂ ਨੂੰ ਸ਼ਹੀਦ ਕਰਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਨੂੰ ਚੁਣਿਆ ਤਾਂ ਦੂਜੇ ਪਾਸੇ ਸ੍ਰੀ ਨਰਿੰਦਰ ਮੋਦੀ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਵਿਵਾਦਿਤ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਚੁਣਦਿਆਂ ਭਾਈਚਾਰਕ ਸਾਂਝ ਨੂੰ ਮਜ਼ਬੂਤੀ ਦੇਣ ਵਾਲਾ ਸਾਰਥਿਕ ਕਦਮ ਚੁੱਕਿਆ ਗਿਆ। ਜੂਨ '84 ਦੀ ਫ਼ੌਜੀ ਕਾਰਵਾਈ ਸਮੇਂ ਗ੍ਰਿਫ਼ਤਾਰ ਕਰ ਕੇ ਜੋਧਪੁਰ ਜੇਲ੍ਹ 'ਚ ਸੁੱਟੇ ਗਏ ਸੈਂਕੜੇ ਸਿੱਖ ਨੌਜਵਾਨਾਂ ਨੂੰ ਅਦਾਲਤੀ ਹੁਕਮਾਂ ਮੁਤਾਬਿਕ ਮੁਆਵਜ਼ਾ ਦੇਣ ਦੀ ਪਹਿਲ ਨਰਿੰਦਰ ਮੋਦੀ ਵੱਲੋਂ ਕੀਤੀ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ 550 ਸਾਲਾ ਪ੍ਰਕਾਸ਼ ਸ਼ਤਾਬਦੀ ਜਿੱਥੇ ਧੂਮ ਧਾਮ ਨਾਲ ਮਨਾਈ ਗਈ ਉੱਥੇ ਇਸ ਅਵਸਰ 'ਤੇ 8 ਸਿੱਖ ਸਿਆਸੀ ਕੈਦੀਆਂ ਨੂੰ ਰਿਹਾਅ ਕਰਦਿਆਂ ਹੋਰਨਾਂ ਬਾਰੇ ਵਿਚਾਰ ਕਰਨ ਦਾ ਭਰੋਸਾ ਦਿੰਦਿਆਂ ਸਿੱਖਾਂ ਕੌਮ ਦੀ ਚਿਰੋਕਣੀ ਮੰਗ ਪੂਰੀ ਕੀਤੀ ਗਈ। ਵਿਦੇਸ਼ਾਂ 'ਚ ਵੱਸ ਰਹੇ ਸਿੱਖਾਂ ਦੀ ਕਾਲੀ ਸੂਚੀ ਖ਼ਤਮ ਕਰਦਿਆਂ ਉਨ੍ਹਾਂ ਨੂੰ ਭਾਰਤ 'ਚ ਆਪਣੇ ਪਰਿਵਾਰਾਂ ਰਿਸ਼ਤੇਦਾਰਾਂ ਨੂੰ ਮਿਲਣ ਅਤੇ ਗੁਰਧਾਮਾਂ ਦੇ ਦਰਸ਼ਨ ਦੀਦਾਰਿਆਂ ਦਾ ਮੌਕਾ ਦਿੱਤਾ ਗਿਆ, ਉੱਥੇ ਹੀ ਸਤ ਦਹਾਕਿਆਂ ਤੋਂ ਸਿੱਖ ਪੰਥ ਵੱਲੋਂ ਗੁਰ-ਦੁਆਰਾ ਸ੍ਰੀ ਕਰਤਾਰਪੁਰ ( ਪਾਕਿ-ਸਤਾਨ) ਦੇ ਦਰਸ਼ਨਾਂ ਲਈ ਅੰਤਰਰਾਸ਼ਟਰੀ ਸਰਹੱਦ 'ਤੇ ਲਾਂਘਾ ਖੋਲ੍ਹਣ ਦੀ ਮੰਗ ਵੀ ਸ੍ਰੀ ਨਰਿੰਦਰ ਮੋਦੀ ਵੱਲੋਂ ਹੀ ਪੂਰੀ ਕੀਤੀ ਗਈ। ਅੰਮ੍ਰਿਤਸਰ - ਤਖ਼ਤ ਸ੍ਰੀ ਹਜ਼ੂਰ ਸਾਹਿਬ ਲਈ ਹਵਾਈ ਸਫ਼ਰ ਹੋਵੇ ਜਾਂ ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਦੇ ਗੁਰੂ ਕੇ ਲੰਗਰ ਦੀ ਜੀਐਸਟੀ ਸਮਾਪਤੀ, ਸ੍ਰੀ ਮੋਦੀ ਨੇ ਆਪ ਨਿੱਜੀ ਦਿਲਚਸਪੀ ਦਿਖਾਈ। ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ ਅਤੇ 2021 ਵਿੱਚ, ਗੁਰੂ ਤੇਗ਼ ਬਹਾਦਰ ਜੀ ਦਾ 400ਵਾਂ ਪ੍ਰਕਾਸ਼ ਪੁਰਬ ਵੀ ਕੋਵਿਡ -19 ਦੀਆਂ ਪਾਬੰਦੀਆਂ ਦੇ ਬਾਵਜੂਦ ਮਨਾਇਆ ਗਿਆ। ਅਫ਼ਗ਼ਾਨਿਸਤਾਨ ਤੋਂ ਸਿੱਖਾਂ ਨੂੰ ਛੁਡਵਾਇਆ ਗਿਆ ਅਤੇ ਉਨ੍ਹਾਂ ਦੀਆਂ ਪਵਿੱਤਰ ਧਾਰਮਿਕ ਗ੍ਰੰਥਾਂ ਨੂੰ ਵੀ ਸਨਮਾਨ ਨਾਲ ਵਾਪਸ ਲਿਆਂਦਾ ਗਿਆ। ਅਫਗਾਨੀ ਰਫ਼ਿਊਜੀ ਸਿੱਖਾਂ ਨੂੰ ਭਾਰਤ ਦੀ ਨਾਗਰਿਕਤਾ ਦੇਣ 'ਚ ਪਹਿਲ ਕੀਤੀ ਗਈ। ਦਿੱਲੀ ਦੇ ਗੁਰਦੁਆਰਿਆਂ ਦਾ ਦੌਰਾ ਕੀਤਾ ਅਤੇ ਆਮ ਲੋਕਾਂ ਤੇ ਸਿੱਖ ਭਾਈਚਾਰੇ ਨਾਲ ਮੇਲ-ਮਿਲਾਪ ਕਰਨ 'ਚ ਦਿਲਚਸਪੀ ਦਿਖਾਈ। ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਉਸ ਨੇ ਕੱਛ ਦੇ 2001 ਦੇ ਭੂਚਾਲ ਕਾਰਨ ਤਬਾਹ ਹੋ ਚੁੱਕੇ ਲਖਪਤ ਗੁਰਦੁਆਰੇ ਦੀ ਮੁਰੰਮਤ ਵਿੱਚ ਨਿੱਜੀ ਦਿਲਚਸਪੀ ਲਈ। ਸਿੱਖ ਭਾਈਚਾਰੇ ਪ੍ਰਤੀ ਹਾਂ ਪੱਖੀ ਕਦਮ ਉਠਾਉਣ ਪਿੱਛੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਦਾ ਸਿੱਖ ਧਰਮ ਅਤੇ ਸਿੱਖ ਭਾਈਚਾਰੇ ਲਈ ਸਤਿਕਾਰ ਦੀ ਭਾਵਨਾ ਹੈ। ਸ੍ਰੀ ਮੋਦੀ ਦਾ ਸਿੱਖਾਂ ਨਾਲ ਖ਼ਾਸ ਰਿਸ਼ਤਾ ਹੈ, ਤਾਂ ਇਹ ਕੋਈ ਸਿਆਸੀ ਬਿਆਨ ਨਹੀਂ ਹੈ, ਸਗੋਂ ਉਸ ਦੀ ਅਸਲੀਅਤ ਦਾ ਪ੍ਰਗਟਾਵਾ ਹੈ। ਕਿਉਂਕਿ '75 ਦੀ ਐਮਰਜੈਂਸੀ ਦੌਰਾਨ ਸ੍ਰੀ ਮੋਦੀ ਦੋ ਸਾਲ ਇੱਕ ਸਿੱਖ ਦੀ ਦਿੱਖ ( ਸਰੂਪ) ਵਿੱਚ ਰਿਹਾ ਅਤੇ ਸਿੱਖ ਧਰਮ ਦੇ ਗ੍ਰੰਥਾਂ ਨੂੰ ਵਾਚਿਆ ਅਤੇ ਭਾਈਚਾਰੇ ਨਾਲ ਇੱਕ ਖ਼ਾਸ ਰਿਸ਼ਤਾ ਕਾਇਮ ਕੀਤਾ। ਬੇਸ਼ੱਕ ਸ੍ਰੀ ਨਰਿੰਦਰ ਮੋਦੀ ਨੇ ਇੰਦਰਾ - ਰਾਜੀਵ ਸਰਕਾਰਾਂ ਵੱਲੋਂ ਸਿੱਖਾਂ 'ਚ ਪੈਦਾ ਕੀਤੀ ਗਈ ਬੇਗਾਨਗੀ ਦੀ ਭਾਵਨਾ ਨੂੰ ਦੂਰ ਕਰਦਿਆਂ ਅਪਣੇਪਨ ਦਾ ਅਹਿਸਾਸ ਕਰਾਇਆ ਤੇ ਸਿੱਖਾਂ ਦਾ ਭਰੋਸਾ ਜਿੱਤਿਆ ਗਿਆ। ਉਮੀਦ ਹੈ ਸ੍ਰੀ ਮੋਦੀ ਸਿੱਖ ਭਾਈਚਾਰੇ ਪ੍ਰਤੀ ਸਾਰਥਿਕਤਾ ਨੂੰ ਭਵਿੱਖ 'ਚ ਵੀ ਕਾਇਮ ਰੱਖੇਗਾ।



# ਰੂਹ ਦੀ ਖੁਰਾਕ : ਸੰਗੀਤ



ਸੰਗੀਤ ਇੱਕ ਅਜਿਹੀ ਕਲਾ ਹੈ ਜੋ ਮਨੁੱਖ ਦੇ ਮਨੋਰੰਜਨ ਦੀ ਭੁੱਖ ਨੂੰ ਸਭ ਤੋਂ ਵੱਧ ਸ਼ਿੱਦਤ ਨਾਲ ਪੂਰਾ ਕਰਦੀ ਹੈ ।ਆਤਮਿਕ ਸ਼ਾਂਤੀ ਅਤੇ ਸਕੂਨ ਦੀ ਪ੍ਰਾਪਤੀ ਲਈ ਸੰਗੀਤ ਇੱਕ ਬਹੁਤ ਵਧੀਆ ਸਾਧਨ ਹੈ । ਇਹ ਸਾਡੇ ਤਨ - ਮਨ ਨੂੰ ਊਰਜਾਵਾਨ ਕਰਕੇ ਉਸ ਵਿੱਚ ਨਵੀਂ ਆਸ਼ਾ , ਉਤਸ਼ਾਹ ਤੇ ਉਮੰਗ ਦੀਆਂ ਨਵੀਆਂ ਤਰੰਗਾਂ ਪੈਦਾ ਕਰਦਾ ਹੈ । ਸੰਗੀਤ ਅਤੇ ਮਨੁੱਖ ਦਾ ਮੁੱਢ ਕਦੀਮ ਦਾ ਅਤੇ ਨਹੁੰ - ਮਾਸ ਦਾ ਰਿਸ਼ਤਾ ਹੈ । ਸੰਗੀਤ ਕਾਇਨਾਤ ਦੇ ਕਣ - ਕਣ ਵਿਚ ਮੌਜੂਦ ਹੈ । ਸਮੁੰਦਰ ਦੀਆਂ ਉੱਠ ਰਹੀਆਂ ਲਹਿਰਾਂ ਦੀ ਆਵਾਜ਼ , ਰੁਮਕਦੀ ਹੋਈ ਤੇ ਦਰੱਖਤਾਂ ਨਾਲ ਟਕਰਾਉਂਦੀ ਹੋਈ ਆਵਾਜ਼ , ਵਗਦੇ ਨਦੀਆਂ - ਨਾਲਿਆਂ ਦੀ ਕਲ - ਕਲ , ਪੰਛੀਆਂ ਦੀ ਚਹਿਚਹਾਟ , ਚਸ਼ਮਿਆਂ ਅਤੇ ਝਰਨਿਆਂ ਦੀਆਂ ਧੁਨਾਂ ਆਦਿ ਮਿੱਠੀ ਅਤੇ ਭਾਵ - ਭਿੰਨੀ ਆਵਾਜ਼ ਇੱਕ ਸੰਗੀਤਕ ਮਾਹੌਲ ਪੈਦਾ ਕਰ ਜਾਂਦੀ ਹੈ । ਵਿਗਿਆਨ ਦਾ ਮੰਨਣਾ ਹੈ ਕਿ ਇਸ ਬ੍ਰਹਿਮੰਡ ਦਾ ਕਣ - ਕਣ ਇੱਕ ਅਲੌਕਿਕ ਸੰਗੀਤ ਧੁਨ ਪੈਦਾ ਕਰ ਰਿਹਾ ਹੈ । ਚੁੱਪ ਦਾ ਆਪਣਾ ਹੀ ਇੱਕ ਸੰਗੀਤ ਹੁੰਦਾ ਹੈ ।ਸੰਗੀਤ ਪਰਮਾਤਮਾ ਵੱਲੋਂ ਮਨੁੱਖ ਨੂੰ ਬਖ਼ਸ਼ੀ ਹੋਈ ਅਜਿਹੀ ਅਨੂਠੀ ਸੌਗਾਤ ਹੈ , ਜੋ ਸਾਡੇ ਤਨ - ਮਨ ਨੂੰ ਤਰੋਤਾਜ਼ਗੀ , ਠੰਡਕ , ਤੰਦਰੁਸਤੀ , ਸ਼ਾਂਤੀ , ਸਕੂਨ ਰੂਹਾਨੀਅਤ ਤੇ ਨਵੀਂ ਊਰਜਾ ਪ੍ਰਦਾਨ ਕਰ ਜਾਂਦੀ ਹੈ । ਸਮੇਂ - ਸਮੇਂ 'ਤੇ ਸੰਗੀਤਕ ਧੁੰਨਾਂ ਤੇ ਲੈਅ ਪੈਦਾ ਕਰਨ ਦੇ ਲਈ ਭਾਂਤ - ਭਾਂਤ ਦੇ ਸਾਜ਼ ਵੀ ਵਰਤੋਂ ਵਿੱਚ ਲਿਆਂਦੇ ਜਾਂਦੇ ਰਹੇ , ਜਿਵੇਂ ਕਿ ਢੋਲ , ਸੰਖ , ਨਗਾਰੇ , ਡਫਲੀ , ਸਿਤਾਰ , ਸਾਰੰਗੀ , ਚਿਮਟਾ , ਬੈਂਜੋ , ਹਾਰਮੋਨੀਅਮ , ਢੋਲਕ ਆਦਿ - ਆਦਿ । ਅੱਜ ਵਿ-ਗਿਆਨ ਵੀ ਸੰਗੀਤ ਦੇ ਪ੍ਰਭਾਵ ਤੋਂ ਪ੍ਰਭਾਵਿਤ ਹੋ ਕੇ ਹਸਪਤਾਲਾਂ , ਨਸ਼ਾ ਛੁਡਾਊ ਕੇਂਦਰਾਂ , ਸਕੂਲਾਂ ਆਦਿ ਵਿੱਚ ਸੰਗੀਤ ਚਿਕਿਤਸਾ ( ਮਿਊਜ਼ੀਕਲ ਥੈਰੇਪੀ ) ਨੂੰ ਅਪਣਾਉਣ ਲੱਗ ਪਿਆ ਹੈ , ਜਿਸ ਨਾਲ ਕਿ ਮਾਨਸਿਕ ਰੋਗੀਆਂ , ਤਣਾਓ , ਚਿੰਤਾ , ਬੀ. ਪੀ . , ਇਕਾਗਰਤਾ ਦੀ ਘਾਟ , ਚਿੜ੍ਹਚਿੜ੍ਹਾਪਣ ਅਤੇ ਹੋਰ ਅਨੇਕਾਂ ਸਮੱਸਿਆਵਾਂ ਤੋਂ ਮਨੁੱਖ ਨੂੰ ਨਿਜਾਤ ਦਿਵਾਈ ਜਾਂਦੀ ਹੈ ।ਤਣਾਅ ਅਤੇ ਚਿੰਤਾ ਜਿਹੇ ਭਿਆਨਕ ਰੋਗਾਂ ਵਿੱਚ ਤਾਂ ਸੰਗੀਤ ਇੱਕ ਸੰਜੀਵਨੀ ਬੂਟੀ ਦੀ ਤਰ੍ਹਾਂ ਕੰਮ ਕਰਦਾ ਹੈ । ਮੁੱਢ ਕਦੀਮ ਤੋਂ ਹੀ ਵਿਦਵਾਨਾਂ , ਗੁਣੀਜਨਾਂ ਅਤੇ ਰਿਸ਼ੀਆਂ - ਮੁਨੀਆਂ ਨੇ ਸੰਗੀਤ ਨੂੰ ਕਲਿਆਣਕਾਰੀ ਦੱਸਿਆ ਹੈ । ਇਸ ਦੇ ਤਹਿਤ ਗੀਤ ਗਾਉਣਾ , ਗੀਤ ਸੁਣਨਾ , ਗੀਤ ਲਿਖਣਾ ਆਦਿ ਆ ਜਾਂਦਾ ਹੈ । ਸੰਗੀਤ ਸਾਡੇ ਦਿਮਾਗ ਦੀਆਂ ਤਰੰਗਾਂ ਅਤੇ ਸਰੀਰਕ ਚੱਕਰਾਂ ਨੂੰ ਵੀ ਊਰਜਾਵਾਨ ਕਰ ਦਿੰਦਾ ਹੈ । ਸੰਗੀਤ ਪਸ਼ੂ - ਪੰਛੀਆਂ ਤੋਂ ਉਤਪਾਦਨ ਵਧਾਉਣ ਦੇ ਲਈ ਵੀ ਸਹਾਇਕ ਹੁੰਦਾ ਹੈ । ਸੰਗੀਤ ਵਿੱਚ ਏਨੀ ਤਾਕਤ ਅਤੇ ਸ਼ਕਤੀ ਹੁੰਦੀ ਹੈ ਕਿ ਇਹ ਵੀਰ ਰਸ ਪੈਦਾ ਕਰਕੇ ਹਾਰੇ ਹੋਏ ਯੁੱਧਾਂ ਨੂੰ ਜਿਤਾਉਣ ਦੀ ਕਾਬਲੀਅਤ ਰੱਖਦਾ ਹੈ । ਸੰਗੀਤ ਰੁਜ਼ਗਾਰ ਦਾ ਵੀ ਮਹੱਤਵਪੂਰਨ ਸਾਧਨ ਬਣਦਾ ਹੈ । ਇਹ ਸੰਗੀਤ ਹੀ ਹੈ ਜੋ ਇਨਸਾਨ ਅਤੇ ਜਾਨਵਰਾਂ ਵਿੱਚ ਅੰਤਰ ਕਰਦਾ ਹੈ ।ਸੰਗੀਤ ਦੀ ਹੀ ਸ਼ਕਤੀ ਕਹੀ ਜਾ ਸਕਦੀ ਹੈ ਕਿ ਇਹ ਮੁਰਝਾਏ ਹੋਏ ਫੁੱਲਾਂ ਨੂੰ ਖਿੜਾਉਣ , ਬੇਵਕਤੇ ਮੀਂਹ ਪੁਆਉਣ ਤੇ ਬੀਨ ਦੀਆਂ ਧੁਨਾਂ ਤੇ ਸੱਪਾਂ ਨੂੰ ਨਚਾਉਣ ਦੀ ਸਮਰੱਥਾ ਰੱਖਦਾ ਹੈ । ਪਰ ਵਾਧੂ ਦਾ ਰੌਲਾ - ਰੱਪਾ , ਤੇਜ਼ ਅਤੇ ਉੱਚੀਆਂ ਆਵਾਜ਼ਾਂ /ਧੁੰਨਾ ਆਦਿ ਕਦੇ ਵੀ ਸੰਗੀਤ ਜਾਂ ਸੰਗੀਤ ਦਾ ਹਿੱਸਾ ਨਹੀਂ ਹੋ ਸਕਦੇ । ਸਗੋਂ ਸੰਗੀਤ ਤਾਂ ਉਹੀ ਹੋ ਸਕਦਾ ਹੈ ਜਿਸ ਵਿੱਚ ਲੈਅ , ਮਿਠਾਸ ,ਅਨੰਦ , ਸ਼ਾਂਤੀ ਤੇ ਸਕੂਨ ਹੋਵੇ । ਮਾਤਾ - ਪਿਤਾ ਨੂੰ ਆਪਣੇ ਬੱਚਿਆਂ ਨਾਲ ਬੈਠ ਕੇ ਜ਼ਰੂਰ ਸ਼ਾਂਤ ਤੇ ਲੈਅ ਗਈ ਸੰਗੀਤ ਸੁਣਨਾ ਚਾਹੀਦਾ ਹੈ । ਇਹ ਬੱਚਿਆਂ ਅਤੇ ਮਾਤਾ - ਪਿਤਾ ਦੇ ਰਿਸ਼ਤਿਆਂ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ ।ਬੱਚਿਆਂ ਨੂੰ ਬਚਪਨ ਵਿੱਚ ਸੰਗੀਤ ਨਾਲ ਜ਼ਰੂਰ ਜੋੜਨਾ ਚਾਹੀਦਾ ਹੈ । ਸੰਗੀਤ ਵਿੱਚ ਇੰਨੀਆਂ ਚਮਤਕਾਰੀ ਸ਼ਕਤੀਆਂ ਮੌਜੂਦ ਹਨ ਕਿ ਉਨ੍ਹਾਂ ਦੀ ਸਿਫ਼ਤ ਨਹੀਂ ਕੀਤੀ ਜਾ ਸਕਦੀ ।ਅਜੋਕਾ ਮਨੁੱਖ ਭੌਤਿਕ ਸੁੱਖ ਸਹੂਲਤਾਂ ਦੀ ਪ੍ਰਾਪਤੀ ਲਈ ਅਤੇ ਆਤਮਿਕ ਸ਼ਾਂਤੀ ਲਈ ਇਧਰ - ਉਧਰ ਭਟਕਦਾ ਫਿਰਦਾ ਹੈ । ਜੇਕਰ ਉਹ ਸੰਗੀਤ ਦੀ ਸ਼ਰਨ ਵਿੱਚ ਆ ਜਾਵੇ ਤਾਂ ਉਸ ਨੂੰ ਬਹੁਤ ਕੁਝ ਪ੍ਰਾਪਤ ਹੋ ਸਕਦਾ ਹੈ । ਇਸ ਲਈ ਭਾਰਤੀ ਸੰਗੀਤ , ਫ਼ਿਲਮੀ ਸੰਗੀਤ ਜਾਂ ਕੋਈ ਵੀ ਮਨਪਸੰਦ ਸੰਗੀਤ ਜ਼ਰੂਰ ਸੁਣਿਆ ਜਾ ਸਕਦਾ ਹੈ । ਜ਼ਿੰਦਗੀ ਨੂੰ ਸੁਹਜਮਈ ਬਣਾਉਣ ਦੇ ਲਈ ਜ਼ਰੂਰ ਹੀ ਸੰਗੀਤ ਨੂੰ ਅਪਣਾਉਣਾ ਚਾਹੀਦਾ ਹੈ ; ਕਿਉਂਕਿ ਸੰਗੀਤ ਤੋਂ ਬਿਨਾਂ ਸਾਡਾ ਜੀਵਨ ਫਿੱਕਾ , ਨੀਰਸ ਅਤੇ ਖੜੋਤ ਦੀ ਸਥਿਤੀ ਵਿੱਚ ਆ ਜਾਂਦਾ ਹੈ ।

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*

# ਮਨੁੱਖ ਮੋਬਾਈਲ ਤੋਂ ਬਿਨਾਂ ਅਧੂਰਾ



ਮਨੁੱਖ ਦੀਆਂ ਤਿੰਨ ਮੁੱਢਲੀਆਂ ਲੋੜਾਂ ਹਨ ਰੋਟੀ ਕੱਪੜਾ ਤੇ ਮਕਾਨ ਪਰ ਅੱਜਕੱਲ੍ਹ ਦੇ ਸਮਾਜਿਕ ਮਾਹੌਲ ਨੂੰ ਅਤੇ ਮੋਬਾਇਲ ਦੀ ਇੰਨੀ ਜਿਆਦਾ ਵਰਤੋਂ ਨੂੰ ਦੇਖਦਿਆਂ ਜਾਪਦਾ ਹੈ ਕਿ ਹੁਣ ਮਨੁੱਖ ਦੀਆਂ ਤਿੰਨ ਨਹੀਂ ਬਲਕਿ ਚਾਰ ਮੁੱਢਲੀਆਂ ਲੋੜਾਂ ਹੋ ਗਈਆਂ ਹਨ ਰੋਟੀ,ਕੱਪੜਾ,ਮਕਾਨ ਅਤੇ ਮੋਬਾਇਲ ।

ਕਿਉਂਕਿ ਅੱਜ ਚਾਹੇ ਇਨਸਾਨ ਕਿਸੇ ਹੋਰ ਚੀਜ਼ ਦੀ ਜ਼ਰੂਰਤ ਮਹਿਸੂਸ ਕਰੇ ਜਾਂ ਨਾ ਕਰੇ, ਪਰ ਮੇਰੇ ਦ੍ਰਿਸ਼ਟੀਕੋਣ ਮੁਤਾਬਿਕ ਮੋਬਾਇਲ ਨੂੰ ਵੀ ਆਪਣੀ ਮੁੱਢਲੀ ਲੋੜ ਸਮਝਣ ਲੱਗ ਪਿਆ ਹੈ। ਕੋਈ ਵਪਾਰੀ ਹੋਵੇ, ਨੌਕਰੀਸ਼ੁਦਾ ਹੋਵੇ, ਕਿਸਾਨ, ਵਿਦਿਆਰਥੀ, ਮਜ਼ਦੂਰ, ਰਿਕਸ਼ਾ ਚਾਲਕ, ਇੱਥੋਂ ਤੱਕ ਕਿ ਅੱਜਕੱਲ੍ਹ ਤਾਂ ਭਿਖਾਰੀਆਂ ਕੋਲ ਵੀ ਮੋਬਾਇਲ ਹਨ।

ਖੈਰ ਇਨ੍ਹਾਂ ਵਿੱਚੋਂ ਤਾਂ ਕੁਝ ਵਰਗਾਂ ਨੂੰ ਮੋਬਾਇਲ ਫੋਨ ਦੀ ਅਜੋਕੇ ਸਮੇਂ ਬਹੁਤ ਜਰੂਰਤ ਹੈ, ਪਰ ਛੋਟੇ-ਛੋਟੇ ਬੱਚਿਆਂ ਦੀ ਮੋਬਾਇਲ ਪ੍ਰਤੀ ਇੰਨੀ ਜ਼ਿਆਦਾ ਖਿੱਚ ਅਤੇ ਬਹੁਤ ਜ਼ਿਆਦਾ ਵਰਤੋਂ ਤੇ ਚਿੰਤਨ ਕਰਨ ਦੀ ਲੋੜ ਹੈ। ਕਈ ਘਰਾਂ ਦੇ ਇਕਲੌਤੇ ਅਤੇ ਲਾਡਲੇ ਰੱਖੇ ਹੋਏ ਬੱਚੇ ਮੋਬਾਇਲ ਲਈ ਬਹੁਤ ਜ਼ਿੱਦ ਕਰਦੇ ਹਨ ਕਿ ਮੈਨੂੰ ਮੋਬਾਇਲ ਦਿਓ ਅਤੇ ਕਈ ਮਾਪੇ ਖ਼ੁਦ ਆਪ ਹੀ ਬੱਚੇ ਨੂੰ ਮੋਬਾਇਲ ਦੇ ਦਿੰਦੇ ਹਨ ਤਾਂ ਕਿ ਉਹ ਉਨ੍ਹਾਂ ਨੂੰ ਕਿਸੇ ਕੰਮ ਕਰਦਿਆਂ ਨੂੰ ਤੰਗ ਪ੍ਰੇਸ਼ਾਨ ਨਾ ਕਰੇ। ਅਜਿਹੇ ਮਾਹੌਲ 'ਚ ਗਲਤ ਨਤੀਜੇ ਵੀ ਆ ਸਕਦੇ ਹਨ ਜਿਵੇਂ ਪਿੱਛੇ ਜਿਹੇ ਇਕ 'ਬਲਿਊ ਵੇਲ੍ਹ ਚੈਲੇਂਜ' ਨਾਮਕ ਗੇਮ ਨਾਲ ਕਈ ਬੱਚੇ ਖ਼ੁਦਕੁਸ਼ੀ ਕਰ ਗਏ।

ਜਿਸ ਕਾਰਨ ਮੋਬਾਇਲ ਸਾਧਾਰਨ ਆਦਮੀ ਦੀ ਜੇਬ ਵਿੱਚ ਪ੍ਰਵੇਸ਼ ਕਰ ਚੁੱਕਾ ਹੈ। ਮੋਬਾਇਲ ਫੋਨ ਦੇ ਖਾਸ ਤੋਂ ਆਮ ਹੋਣ ਨਾਲ ਹੀ ਇਸ ਦੀ ਵਰਤੋਂ ਮਨੋਰਥਾਂ ਵਿੱਚ ਵੀ ਵਖਰੇਵਾਂ ਆ ਗਿਆ ਹੈ। ਇਸੇ ਵਖਰੇਵੇਂ ਕਾਰਨ ਚਿੰਤਕਾਂ ਅਤੇ ਦਿਮਾਗਦਾਰਾਂ ਦੇ ਮੋਬਾਇਲ ਪ੍ਰਤੀ ਵਿਚਾਰਾਂ ਵਿੱਚ ਵੀ ਵਿਭਿੰਨਤਾ ਹੈ। ਕੁਝ ਲਈ ਇਹ ਮੋਬਾਇਲ ਫੋਨ ਦੀ ਵਰਤੋਂ ਵਰਦਾਨ ਹੈ ਅਤੇ ਕੁਝ ਕੁ ਲਈ ਇਹ ਨਿਰੋਲ ਸਿਰਦਰਦੀ ਹੈ। ਖ਼ੈਰ ਇਨ੍ਹਾਂ ਦੋਵਾਂ ਵਿਚਾਰਧਾਰਾਵਾਂ ਦੇ ਗਰਭ 'ਚੋਂ ਉਪਜੇ, ਮੋਬਾਇਲ ਦੇ ਹਾਂਪੱਖੀ ਤੇ ਨਾਂਹ ਪੱਖੀ ਪਹਿਲੂਆਂ ਦੀ ਗੱਲ ਇਸ ਲੇਖ ਰਾਹੀਂ ਕਰਦੇ ਹਾਂ।

ਜਿਉਂ ਹੀ ਮਨੁੱਖ ਦੀ ਬੁੱਧੀ ਨੇ ਵਿਕਾਸ ਕਰਨਾ ਸ਼ੁਰੂ ਕੀਤਾ, ਉਦੋਂ ਤੋਂ ਹੀ ਮਨੁੱਖ ਨੇ ਆਪਣੀ ਜ਼ਿੰਦਗੀ ਨੂੰ ਹੋਰ ਸੁਖਾਲਾ ਬਣਾਉਣ ਲਈ ਆਪਣੇ ਦਿਮਾਗ ਦੀ ਵਰਤੋਂ ਕਰਨੀ ਸੁਰੂ ਕਰ ਦਿੱਤੀ। ਪਹੀਏ ਦੀ ਖੋਜ ਤੋਂ ਬਾਅਦ ਮਨੁੱਖ ਨੇ ਸਮਾਜਿਕ ਰਿਸ਼ਤੇ ਵਿੱਚ ਬੱਝਦੇ ਹੋਏ ਆਪਣੇ ਅਤੇ ਦੂਜੇ ਮਨੁੱਖ ਵਿਚਲੀ ਦੂਰੀ ਨੂੰ ਘਟਾਉਣ ਲਈ ਨਵੀਆਂ ਨਵੀਆਂ ਕਾਢਾਂ ਕੱਢੀਆਂ, ਭਾਵੇਂ ਉਹ ਕਬੂਤਰ ਜਿਹੇ ਪੰਛੀ ਨੂੰ ਚਿੱਠੀਆਂ ਰਾਹੀ ਸੁਨੇਹੇ ਦੇ ਕੇ ਘੱਲਣ ਦੀਆਂ ਹੋਣ ਜਾਂ ਫਿਰ ਡਾਕਖਾਨਾ ਚਿੱਠੀਆਂ ਰਾਹੀਂ ਆਪਣੀਆਂ ਭਾਵਨਾਵਾਂ ਨੂੰ ਪਹੁੰਚਾਉਣ ਦੀਆਂ ਹੋਣ, ਪਰ ਮਨੁੱਖ ਦੇ ਦਿਮਾਗ ਨੇ ਤਾਂ ਅੱਜ ਦੁਨੀਆਂ ਨੂੰ ਮੁੱਠੀ ਵਿੱਚ ਭਰ ਕੇ ਰੱਖ ਦਿੱਤਾ ਹੈ। ਕਿਉਂਕਿ ਅੱਜ ਮਨੁੱਖ ਦੀ ਬੁੱਧੀ ਦਾ ਕਮਾਲ ਇਹ ਹੈ ਕਿ ਅਸੀਂ ਆਪਣੀਆਂ ਲੋੜਾਂ ਅਤੇ ਭਾਵਨਾਵਾਂ ਦੇ ਰਿਸ਼ਤਿਆਂ ਨੂੰ ਸਮੁੰਦਰੋਂ ਪਾਰ ਖਿੱਚ ਕੇ ਆਪਣੇ ਹੱਥ ਵਿਚ ਲੈ ਆਂਦਾ ਹੈ ਜਿਸ ਨੇ ਮਨੁੱਖ ਦੀਆਂ ਲੋੜਾਂ ਅਤੇ ਇੱਕ ਦੂਜੇ ਉੱਪਰ ਨਿਰਭਰਤਾ ਨੂੰ ਹੋਰ ਵੀ ਉਤਸ਼ਾਹਿਤ ਕੀਤਾ ਹੈ।

ਮਨੁੱਖ ਮੋਬਾਇਲ ਤੋਂ ਬਿਨਾਂ ਅਧੂਰਾ ਹੈ। ਇਕ ਵਪਾਰ ਦਾ ਕੰਮ ਕਰਨ ਵਾਲਾ, ਨੌਕਰੀਸ਼ੁਦਾ ਜਾਂ ਕਿਸੇ ਹੋਰ ਕੰਮ ਦੀ ਉਮਰ ਹੰਢਾ ਰਹੇ ਮਨੁੱਖ ਲਈ ਇਸ ਸਹੂਲਤ ਦਾ ਮਾਣਨਾ ਬਣਦਾ ਹੈ। ਪਰ ਕੀ ਅਸੀਂ ਇਹ ਕਹਿ ਸਕਦੇ ਹਾਂ ਕਿ ਅੱਜ ਦੇ ਯੁੱਗ ਵਿੱਚ ਬੱਚੇ ਤੋਂ ਲੈ ਕੇ ਬਜ਼ੁਰਗ ਅਵਸਥਾ ਤਕ ਹਰ ਇੱਕ ਨੂੰ ਇਸ ਸਹੂਲਤ ਦੀ ਲੋੜ ਹੈ। ਇਸ ਸੰਬੰਧੀ ਇਹ ਕਿਹਾ ਜਾ ਸਕਦਾ ਹੈ ਕਿ ਅਸੀਂ ਅੱਜਕੱਲ੍ਹ ਆਪਣੇ ਆਪ ਨੂੰ ਮੋਬਾਇਲ 'ਤੇ ਬਹੁਤ ਜ਼ਿਆਦਾ ਹੀ ਨਿਰਭਰ ਕਰ ਲਿਆ ਹੈ।

ਮੋਬਾਇਲ ਫੋਨਾਂ ਨੇ ਮਨੁੱਖੀ ਸਹੂਲਤਾਂ ਦਾ ਬਾਇਸ ਬਣਨ ਦੇ ਨਾਲ-ਨਾਲ ਸਿਰਦਰਦੀ ਦਾ ਮਾਹੌਲ ਵੀ ਸਿਰਜਿਆ ਹੈ, ਦਰਅਸਲ ਸਿਰਦਰਦੀ ਮੋਬਾਇਲ ਦੀ ਘੱਟ ਹੈ ਅਤੇ ਇਸਦੀ ਅਯੋਗ ਵਰਤੋਂ ਦੀ ਵਧੇਰੇ ਹੈ।

*-ਵਿਜੈ ਗਰਗ*
*ਸਾਬਕਾ ਪੀਈਐਸ-1*
*ਸੇਵਾ ਮੁਕਤ ਪ੍ਰਿੰਸਪਲ*
*ਮਲੋਟ*

# ਚੋਣਾਂ ਕਰਵਾਉਂਦੇ ਥੱਕ ਗਏ- ਪਰਜਾ ਦਾ ਭਲਾ ਨਾ ਹੋਇਆ



ਜਿਥੋਂ ਤਕ ਸਾਡੇ ਮੁਲਕ ਦਾ ਸਬੰਧ ਹੈ ਅਸੀਂ ਬਾਕਾਇਦਾ ਇਕ ਕਾਨੂੰਨ ਤਹਿਤ ਆਜ਼ਾਦ ਕੀਤੇ ਕਏ ਸਾਂ ਅਤੇ ਇਹ ਵੀ ਇਕ ਸਚਾਈ ਹੈ ਕਿ ਅਸਾਂ ਬਾਕਾਇਦਾ ਆਪਣਾ ਸੰਵਿਧਾਨ ਬਣਾਕੇ ਆਪਣੇ ਦੇਸ਼ ਨੂੰ ਬਾਕਇਦਾ ਪਰਜਾਤੰਤਰ ਬਣਾ ਦਿੱਤਾ ਸੀ ਅਤੇ ਅਸਾਂ ਆਪਣੇ ਸੰਵਿਧਾਨ ਵਿੱਚ ਆਪ ਹੀ ਵਅਦਾ ਕਰ ਦਿੱਤਾ ਸੀ ਕਿ ਅਸੀਂ ਸਿਰਫ ਅਤੇ ਸਿਰਫ ਆਪਣੇ ਦੇਸ਼ ਦੇ ਲੋਕਾਂ ਦੀਆਂ ਉਹ ਸਾਰੀਆ ਦੀਆਂ ਸਾਰੀਆਂ ਸਮਸਿਆਵਾਂ ਅਤੇ ਮੁਸ਼ਕਿਲਾਂ ਖਤਮ ਕਰ ਦੇਵਾਂਗੇ ਜਿਹੜੀਆਂ ਸਦੀਆਂ ਦੀ ਗੁਲਾਮੀ ਕਾਰਨ ਸਾਡੇ ਮੁਲਕ ਦੇ ਲੋਕਾਂ ਗਲ ਪੈ ਗਈਆਂ ਸਨ ਅਤੇ ਉਦੋਂ ਤੋਂ ਲੈਕੇ ਸਾਡੇ ਮੁਲਕ ਦਾ ਹਰ ਚੁਣਿਆ ਜਾਂਦਾ ਇਹ ਕਸਮ ਖਾਕੇ ਸਦਨਾਂ ਵਿੱਚ ਬੈਠਦਾ ਰਿਹਾ ਹੈ ਕਿ ਸੰਵਿਧਾਨ ਵਿੱਚ ਜੋ ਵੀ ਵਾਅਦੇ ਕੀਤੇ ਗਏ ਹਨ, ਮੈਂ ਸਦਨ ਵਿੱਚ ਬੈਠਕੇ ਪੂਰੇ ਕਰਨ ਦਾ ਹਰ ਯਤਨ ਕਰਾਂਗਾ। ਪਰ ਇਹ ਗਲਾਂ ਬਸ ਕੀਤੀਆਂ ਹੀ ਜਾਂਦੀਆਂ ਰਹੀਆਂ ਹਨ ਅਤੇ ਸਦਨ ਵਿੱਚ ਜਾਕੇ ਇਹ ਬੈਠਣ ਵਾਲੇ ਵਿਧਾਇਕ ਪਿਵਛਲੀ ਪੌਣੀ ਸਦੀ ਵਿੱਚ ਸਦਨਾ ਵਿੱਚ ਲੋਕਾਂ ਦੀ ਭਲਾਈ ਲਈ ਕੀ ਕੀ ਸਕੀਮਾਂ ਲੈਕੇ ਆਏ ਹਨ ਅਤੇ ਸਦਾਨ ਵਿੱਚ ਲੋਕਾਂ ਦੀ ਭਲਾਈ ਲਈ ਅਜ ਤਕ ਕੀ ਕੀ ਪਾਸ ਕੀਤਾ ਗਿਆ ਹੈ ਇਹ ਸਾਰਾ ਕੁਝ ਸਾਡੇ ਸਾਹਮਣੇ ਹੈ ਅਤੇ ਇਸ ਪੌਣੀ ਸਦੀ ਦਾ ਕੀਤਾ ਕੰਮ ਵੀ ਸਾਡੇ ਸਾਹਮਣੇ ਹੈ ਅਤੇ ਜਿਹੜਾ ਵੀ ਨਤੀਜਾ ਨਿਕਲਿਆ ਹੈ ਉਸਦਾ ਲੇਖਾ ਚੋਖਾ ਇਸ ਕੋਰੋਨਾ ਮਹਾਮਾਰੀ ਦੌਰਾਨ ਸਾਡੇ ਸਾਹਮਣੇ ਆ ਗਿਆ ਹੈ ਜਿਸ ਵਿੱਚ ਵਕਤ ਦੀ ਸਰਕਾਰ ਨੇ ਖੁਦ ਹੀ ਇਹ ਸਵੀਕਾਰ ਕਰ ਲਿਆ ਸੀ ਕਿ ਸਾਡੇ ਮੁਲਕ ਦੇ ਲੋਕਾਂ ਵਿਚੋਂਤਿੰਨਚੌਥਾਈ ਲੋਕੀਂ ਪਿਛਲੀ ਪੌਣੀ ਸਦੀ ਵਿੱਚ ਇਤਨੇ ਗਰੀਬ ਹੋ ਗਏ ਹਨ ਕਿ ਦਿਹਾੜੀਆਂ ਨਾ ਮਿਲਣ ਕਾਰਨ ਭੁਖ ਮਰੀ ਦਾ ਸ਼ਿਕਾਰ ਹੋਣ ਦਾ ਖਤਕਰਾ ਆ ਬਣਿਆ ਸੀ ਅਤੇ ਸਾਡੀ ਸਰਕਾਰ ਨੂੰ ਸਤਰ ਅਸੀ ਕਰੋੜ ਲੋਕਾਂ ਨੂੰ ਮੁਫ਼ਤ ਰਾਸਤਨ ਦੇਣਾ ਪਿਆ ਸੀ ਤਾਂਕਿ ਇਤਨੀ ਵਡੀ ਗਿਣਤੀ ਜੰਤਾ ਭੁਖੀ ਨਾ ਮਰ ਜਾਵੇ। ਇਹ ਨਤੀਜ ਹੈ ਸਾਡੇ ਸਥਾਪਿਤ ਕੀਤੇ ਪਰਜਾਤੰਤਰ ਦਾ ਜਿਥੇ ਹਰ ਪੰਜਾਂ ਸਾਲਾਂ ਬਾਅਦ ਅਸੀਂ ਹਜ਼ਾਰਾਂ ਹੀ ਵਿਧਾਇਕਾਂ ਨੂੰ ਚੁਣਕੇ ਸਦਨਾ ਵਿੱਚ ਭੇਜਦੇ ਰਹੇ ਹਾਂ, ਤਨਖਾਹਾਂ ਦਿੰਦੇ ਰਹੇ ਹਾਂ, ਭਤੇ ਦਿੰਦੇ ਰਹੇ ਹਾਂ ਅਤੇ ਪੈਨਸ਼ਨਾ ਵੀ ਦਿਤੀਆਂ ਹਨ ਅਤੇ ਅਰਬਾਂ ਖਰਬਾਂ ਰੁਪਿਆ ਅਸੀਂ ਸਦਨਾਂ ਦੇ ਰਖ ਰਖਾ ਉਤੇ ਖਰਚ ਵੀ ਕਰਦੇ ਰਹੇ ਹਾਂ।


ਪੌਣੀ ਸਦੀ ਦਾ ਨਤੀਜਾ ਸਾਡੇ ਸਾਹਮਣੇ ਤਾਂ ਆ ਗਿਆ ਹੈ, ਪਰ ਹਾਲਾਂ ਤਕ ਕਿਸੇ ਨੇ ਇਹ ਨਹੀਂ ਦਸਿਆ ਕਿ ਅਸੀਂ ਪਿਛਲੀ ਪੌਣੀ ਸਦੀ ਕਰਦੇ ਕੀ ਰਹੇ ਹਾਂ ਅਤੇ ਕੀ ਕੀ ਕਮੀਆਂਰਹਿ ਗਈਆਂ ਸਨ ਜਿੰਨ੍ਹਾਂ ਕਾਰਨ ਇਤਨੀ ਵਡੀ ਗਿਣਤੀ ਗਰੀਬਾਂ ਦੀ ਬਣ ਆਈ ਹੈ। ਅਸੀਂ ਰਾਜਸੀ ਲੋਕਾਂ ਪਾਸੋਂ ਤਾਂ ਪੁਛਣ ਜੋਗੇ ਨਹੀਂ ਹਾਂ ਕਿਉਂਕਿ ਉਨ੍ਹਾਂ ਲਈ ਤਾਂ ਇਹ ਵਧਦੀ ਗਰੀਬਾਂ ਦੀ ਗਿਣਤੀ ਇਕ ਵਰਦਾਨ ਰਿਹਾ ਹੈ ਅਤੇ ਇਹੀ ਲੋਕੀਂ ਹਨ ਜਿਹੜੇ ਵੋਟਾਂ ਪਾਉਂਦੇਆਏ ਹੀਨ ਅਤੇ ਇਹ ਵਾਲਾ ਪਰਜਾਤੰਤਰ ਬਣਿਆ ਪਿਆ ਹੈ ਅਤੇਚਲ ਵੀ ਰਿਹਾ ਹੈ। ਇਹ ਵੋਟਾਂ ਵਾਲਾ ਸਿਲਸਿਲਾ ਹੀ ਹੈਜਿਸਦੇ ਆਧਾਰ ਉਤੇ ਅਸੀਂ ਇਹ ਐਲਾਨ ਕਰ ਸਕਦੇ ਹਾਂ ਕਿ ਅਸੀਂ ਵੀ ਪਰਜਾਤੰਤਰ ਹਾਂ ਅਤੇ ਅਗਰ ਇਹ ਸਤਰ ਅਸ੍ਹੀ ਪ੍ਰਤੀਸ਼ਤ ਗਰੀਬ ਵੋਟਰ ਵੋਟਾ ਨਾ ਪਾਉਣ ਤਾਂ ਇਹ ਵਾਲਾ ਪਰਜਾਤੰਤਰ ਕਿਵੇਂ ਖੜਾ ਕੀਤਾ ਜਾ ਸਕਦਾ, ਇਸਦਾ ਜਵਾਬ ਹਾਲਾਂ ਤਕ ਕਿਸੇ ਨੇ ਨਹੀਂ ਦਿਤਾ ਹੈ ਅਤੇ ਇਹ ਵੀ ਸਾਫ ਪਿਆ ਲਗਦਾ ਹੇ ਕਿ ਇਹ ਗਰੀਬਾਂ ਦਾ ਵੋਟ ਬੈਂਕ ਸਾਰੇ ਹੀ ਰਾਜਸੀ ਲੋਕਾਂ ਨੇ ਰਲਕੇ ਬਣਾ ਰਖਿਆ ਹੈ ਅਤੇ ਇਹ ਬਣਾਈ ਰਖਣ ਦਾ ਆਪੋ ਵਿੱਚ ਸਮਝੋਤਾ ਵੀ ਕਰ ਰਖਿਆ ਹੈ।

ਭਾਰਤ ਅਮੀਰ ਦੇਸ਼ ਹੈ ਅਤੇ ਇਤਿਹਾਸ ਵੀਗਵਾਹ ਹੈ ਕਿ ਇਥੇ ਲੂਟੇਰੇ ਵੀ ਆਉਂਦੇ ਰਹੇ ਹਨ, ਲੁਟਦੇਵੀ ਰਹੇ ਹਨ ਅਤੇ ਫਿਰ ਇਥੇ ਰਾਜ ਵੀ ਕਰਦੇ ਰਹੇ ਹਨ। ਇਤਨੀ ਲੁਟ ਹੋ ਜਾਣ ਦੇ ਬਾਵਜੂਦ ਹਾਲਾਂ ਵੀ ਸਾਡੇ ਕੁਦਰਤੀ ਸੋਮੇਂ ਮੌਜੂਦ ਹਨ। ਸਾਡੇ ਪਹਾੜ, ਸਾਡੇ ਜੰਗਲ, ਸਾਡੇ ਖਣਿਜ ਪਦਾਰਥ, ਸਾਡੇ ਦਰਿਆ, ਸਾਡੀ ਉਪਜਾਊ ਧਰਤੀ, ਸਾਡੇ ਮੇਹਨਤੀ ਲੋਕੀਂ ਹਾਲਾਂ ਵੀ ਇਥੇ ਹਨ ਅਤੇ ਸਾਡੇ ਪਾਸ ਕੋਲਾ ਹੈ, ਲੋਹਾ ਹੈ, ਤੇਲ ਹੈ ਅਤੇ ਪਤਾ ਨਹੀਂ ਹਾਲਾਂ ਅਸੀਂ ਹੋਰ ਕੀ ਕੁਝ ਲਭ ਲੈਣਾ ਹੈ ਅਤੇ ਅਸਾਂ ਇਹ ਵੀ ਦੇਖਿਆ ਹੈ ਕਿ ਬੇਸ਼ਕ ਇਹ ਅੰਗਰੇਜ਼ ਸਾਡੇ ਉਤੇ ਹਕੂਮਤ ਕਰ ਗਏ ਹਨ, ਪਰ ਉਨ੍ਹਾਂ ਨੇ ਇਹ ਇਕ ਦੇਸ਼ ਬਣਾਕੇ, ਇਹ ਵਾਲੇ ਲਿਖਤੀ ਕਾਨੂੰਨ ਬਣਾਕੇ, ਇਹ ਵਾਲਾ ਪ੍ਰਸ਼ਾਸਨ ਸਥਾਪਿਤ ਕਰਕੇ, ਇਹ ਵਾਲੀ ਪੁਲਿਸ, ਇਹ ਵਾਲੀ ਮਿਲਟਰੀ, ਇਹ ਵਾਲੀਆਂ ਕੰਪਨੀਆਂ, ਇਹ ਵਾਲੇ ਕਾਰਖਾਨੇ।, ਇਹ ਵਾਲੇ। ਡੈਮ, ਇਹ ਬਿਜਲੀ, ਇਹ ਰੇਲਾਂ, ਇਹ ਸੜਕਾਂ, ਇਹ ਪੁਲ, ਇਹ ਸਕੂਲ, ਇਹ ਸਿਖਲਆਈਕੇਂਦਰ, ਇਹ ਯੂਨੀਵਰਸਈਆਂ ਅਤੇ ਇਹ ਹਸਪਤਾਲਾਂ ਦਾ ਜਾਲ ਜਾਣਤੋਂ ਪਹਿਲਾਂ ਹੀ ਵਿਛਾ ਦਿਤਾ ਸੀ ਅਤੇ ਅਜ ਤਕ ਅਸੀਂ ਉਹੀ ਚਲਾਈ ਆ ਰਹੇ ਹਾਂ ਅਤੇ ਅਗਰ ਅਸੀਂ ਇਹੀ ਆਜ਼ਾਦੀ ਮੁਗ਼ਲਾਂ ਪਾਸੋਂ ਲਈ ਹੁੰਦੀ ਤਾਂ ਇਸ ਮੁਲਕ ਦੇ ਕਿਤਨੇ ਹੀ ਟੁਕੜੇ ਹੁੰਦੇ ਅਤੇ ਅਸਾਂ ਲੋਕਾਂ ਦੀ ਕੀ ਹਾਲਤ ਬਣਾ ਦੇਣੀ ਸੀ, ਇਸਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।

ਅਤੇ ਰਾਜਤਾਂਚਲਦਾ ਰਿਹਾ ਹੈ ਅਤੇ ਛੇੜ ਛਾੜ ਨਾ ਵੀ ਕੀਤੀ ਜਾਵੇ ਤਾਂ ਵੀ ਚਲਦਾ ਰਵੇਗਾ ਕਿਉਂਕਿ ਅਸੀਂ ਭਾਰਤ ਦੇ ਲੋਕੀਂ ਹਰ ਤਰ੍ਹਾਂ ਦਾ ਰਾਜ ਬਰਦਾਸ਼ਿਤ ਕਰਦੇ ਰਹੇ ਹਾਂ ਅਤੇ ਇਹ ਵੀ ਜਿਹੜਾ ਪਰਜਾਤੰਤਰ ਆਇਆ ਹੈ, ਜੈਸਾ ਵੀ ਹੈ ਅਸੀਂ ਭੁਗਤ ਰਹੇ ਹਾਂ ਅਤੇ ਪੌਣੀ ਸਦੀ ਲੰਘਾ ਵੀ ਲਈ ਹੈ ਅਤੇ ਪੌਣੀ ਸਦੀ ਦਾ ਨਾਤੀਜਾ ਵੀ ਅਸੀਂ ਉਤੇ ਪੜ੍ਹ ਆਏ ਹਾਂ। ਇਸ ਮੁਲਕ ਵਿੱਚ ਗੁਰਬਤ ਵਧੀ ਹੈ ਅਤੇ ਗੁਰਬਤ ਕਾਰਨ ਸਾਡੇ ਮੁਲਕ ਵਿੱਚ ਅਜ ਵੀ ਲੋਕਾਂ ਦੀ ਸਿਹਤ ਕੈਸੀ ਹੈ ਸ਼ਕਲਾਂ ਦੇਖਕੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਅਜ ਵੀ ਲੋਕੀਂ ਝੁਗੀਆਂ, ਝੋਂਪੜੀਆਂ, ਕਚੇ ਮਕਾਨਾ, ਬਿੰਨਾਂ ਰਸੋਈਆਂ, ਗੁਸਲਖਾਨੇ ਅਤੇ ਟਟੀਆਂ ਦੇ ਹਨ ਅਤੇ ਇਕ ਹੀ ਕਮਰੇ ਵਿੱਚ ਕਿਤਨੀਆਂ ਹੀ ਜੋੜੀਆਂ ਬੇਸ਼ਰਮੀ ਦਾ ਜੀਵਨ ਜਿਉ ਰਹੀਆਂ ਹਨ। ਉਤਰਨ ਪਹਿਨਿਆ ਜਾ ਰਿਹਾ ਹੇ, ਮੰਗਤੇ ਹਨ, ਕਿਤਨੇ ਹੀ ਲੋਕੀਂ ਅਜ ਵੀ ਸਾਧੂ, ਸੰਤ ਬਣਕੇ ਲੋਕਾਂ ਉਤੇ ਬੋਝ ਬਣੇ ਪਏ ਹਨ। ਲੋਕਾਂ ਦਾ ਖਾਣਾ ਕੈਸਾ ਹੈ, ਪਹਿਨਣਾ ਕੈਸਾ ਹੈ ਖਾਂਦੇ ਕੈਸਾ ਹਨ ਇਹ ਗਲਾਂ ਹਾਲਾਂ ਤਕ ਕਿਸੇ ਵਿਚਾਰੀਆਂ ਹੀ ਨਹੀਂ ਹਨ। ਸਾਰੇ ਬਚੇ ਸਕੂਲ ਜਾਂਦੇ ਹਨ, ਕਿਤਨੇ ਕੁ ਬਚਿਆਂ ਨੂੰਸਿਖਲਾਈ ਦਿਤੀ ਜਾ ਰਹੀ ਹੈ, ਕਿਤਨੇ ਕੁ ਲੋਕਾਂ ਪਾਸ ਰੁਜ਼ਗਾਰ ਹੈ ਅਤੇ ਲੋਕਾ ਦੀ ਆਮਦਨ ਕੀ ਹੈ, ਇਹ ਗਲਾਂ ਸਾਡੇ ਮੁਲਕ ਦੀ ਜਨਗਣਨਾ ਦੇ ਵਕਤ ਬਾਕਾਇਦਾ ਕੀਤੀ ਜਾਂਦੀ ਹੈ, ਛਪਦੀ ਵੀ ਹੈ ਪਰ ਇਸ ਮੁਲਕ ਵਿੱਚ ਨਾਂ ਤਾਂ ਚਰਚਾ ਹੀ ਚਲਦੀ ਹੈ ਅਤੇ ਨਾ ਹੀ ਇਹ ਘਾਟਾਂ ਪੂਰੀਆਂ ਕਰਨ ਵਲ ਧਿਆਨ ਹੀ ਦਿਤਾ ਜਾਂਦਾ ਹੈ। ਇਸ ਪਿਛਲੀ ਪੌਣੀ ਸਦੀ ਵਿੱਚ ਅਸੀਂ ਜੋ ਵੀ ਕੀਤਾ ਹੈ ਇਹ ਹੈ ਤਾਂ ਬਹੁਤ ਕੁਝ ਪਰ ਇਹ ਜੋ ਵੀਅਸਾਂ ਕੀਤਾ ਹੈ ਇਹ ਕੋਈ ਵੀ ਸਮਸਿਆ ਹਲ ਨਹੀਂ ਕਰ ਪਾਇਆ ਅਤੇ ਬਸ ਇਹ ਇਸ ਤਰ੍ਹਾਂ ਸੀ ਜਿਵੇਂ ਮੁਢਲੀਈ ਡਾਕਟਰੀ ਸਹਾਹਿਤਾ ਹੀ ਹੁੰਦੀ ਹੈ।

ਹਾਲਾਂ ਵੀਸਦੀ ਪੂਰੀ ਹੋਣ ਵਿੱਚ ਇਕਚੌਥਾਈ ਦਾ ਸਮਾਂ ਪਿਆ ਹੈ ਅਤੇ ਅਸੀਂ ਅੰਗਰੇਜ਼ਾਂ ਜਿਤਨੀਆਂ ਹੀ ਅਗਰ ਪ੍ਰਾਪਤੀਆਂ ਕਰ ਲੈਂਦੇ ਤਾਂ ਵੀ ਸਾਡੀਆਂ ਕਈ ਸਮਸਿਆਵਾ ਹਲ ਹੋ ਜਾਣੀਆਂ ਸਨ। ਪਰ ਜਿਸ ਹਾਲਤ ਵਿੱਚ ਇਹ ਰਾਜਸੀ ਲੋਕਾਂ ਦਾ ਰਾਜ ਸਾਨੂੰ ਪੁਚਾ ਬੈਠਾ ਹੇ ਇਸਦੀ ਮੁਕਮਲ ਸੁਧਾਈ ਕਰਨ ਲਈ ਇਸ ਹਿਸਾਬ ਨਾਲ ਅਗਰ ਅਸੀਂ ਆਪਣੀ ਰਫਤਾਰ ਤੇਜ਼ ਵੀ ਕਰ ਲਈਏ ਤਾਂ ਵੀ ਪੰਜ ਸਦੀਆਂ ਦਾ ਸਮਾਂ ਹੋਰ ਚਾਹੀਦਾ ਹੈ।

*-ਦਲੀਪ ਸਿੰਘ ਵਾਸਨ, ਐਡਵੋਕੇਟ*
*101-ਸੀ ਵਿਕਾਸ ਕਲੋਨੀ,*
*ਪਟਿਆਲਾ, 147001*
*ਫੋਨ- 0175 5191856*



# ਖ਼ਬਰਾਂ ਪੰਜਾਬ ਦੀਆਂ



## ਪਰਨੀਤ ਕੌਰ ਵੀ ਕਾਂਗਰਸ ਤੋਂ ਬਾਗ਼ੀ ਹੋ ਕੇ ਕੈਪਟਨ ਧੜੇ ਵੱਲ ਗਈ

* ਹਰੀਸ਼ ਚੌਧਰੀ ਨੇ ਹਾਈ ਕਮਾਂਡ ਨੂੰ ਜਾਣੂ ਕਰਵਾਇਆ



ਚੰਡੀਗੜ੍ਹ, 30 ਨਵੰਬਰ (ਪੋਸਟ ਬਿਊਰੋ)- ਲੋਕ ਸਭਾ ਹਲਕਾ ਪਟਿਆਲਾ ਤੋਂ ਪਾਰਲੀਮੈਂਟਮੈਂਬਰ ਪਰਨੀਤ ਕੌਰ ਨੇ ਵੀ ਕਾਂਗਰਸ ਪਾਰਟੀ ਨੂੰ ਬਾਗ਼ੀ ਤੇਵਰ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਕੱਲ੍ਹ ਉਹ ਖੁੱਲ੍ਹ ਕੇ ਕੈਪਟਨ ਅਮਰਿੰਦਰ ਸਿੰਘ ਦੀ ਹਿਮਾਇਤ ਵਿੱਚਖੜੇ ਹੋ ਗਏ ਹਨ। ਕਾਂਗਰਸ ਪਾਰਟੀ ਵੱਲੋਂ ਜਾਰੀ ਕੀਤੇ 'ਕਾਰਨ ਦੱਸੋ' ਨੋਟਿਸ ਦੀ ਪ੍ਰਵਾਹ ਕਰਨ ਬਿਨਾਂ ਪਰਨੀਤ ਕੌਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਆਪਣੇ ਪਤੀ ਅਮਰਿੰਦਰ ਸਿੰਘ ਨਾਲ ਖੜੋਣਗੇ।

< ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਕਾਂਗਰਸ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਨੇ ਪਰਨੀਤ ਕੌਰ ਨੂੰ ਨੋਟਿਸ ਜਾਰੀ ਕਰ ਕੇ ਸਪੱਸ਼ਟੀਕਰਨ ਮੰਗਿਆ ਸੀ ਕਿ ਉਹ ਕਿਸ ਪਾਸੇ ਖੜੋਣਗੇ? ਕੱਲ੍ਹ ਪਰਨੀਤ ਕੌਰ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਉੱਤੇ 'ਕੈਪਟਨ ਫਾਰ 2022' ਦੀ ਪ੍ਰੋਫਾਈਲ ਤਸਵੀਰ ਲਾ ਦਿੱਤੀ, ਜਿਸ ਤੋਂ ਸਾਫ ਹੋ ਗਿਆ ਕਿ ਅਗਲੀਆਂ ਚੋਣਾਂ ਵਿੱਚ ਪਰਨੀਤ ਕੌਰ ਨਵੀਂ ਬਣਨ ਜਾ ਰਹੀ ਪੰਜਾਬ ਲੋਕ ਕਾਂਗਰਸ ਨਾਲ ਖੜੋਣਗੇ। ਇਸ ਤੋਂ ਪਹਿਲਾਂ ਪਰਨੀਤ ਕੌਰ ਨੇ ਜਨਤਕ ਤੌਰ ਉੱਤੇ ਕਿਹਾ ਸੀ ਕਿ ਉਹ ਆਪਣੇ ਪਰਵਾਰ ਨਾਲ ਖੜੋਣਗੇ, ਜਿਸ ਮਗਰੋਂ ਪਾਰਟੀ ਨੇ ਉਨ੍ਹਾਂ ਨੂੰ ਨੋਟਿਸ ਜਾਰੀ ਕੀਤਾ ਸੀ। ਪਰਨੀਤ ਕੌਰ ਕੱਲ੍ਹ ਪਾਰਲੀਮੈਂਟ ਸੈਸ਼ਨ ਵਿੱਚ ਸ਼ਾਮਲ ਹੋਈ ਸੀ।

ਸਿਆਸੀ ਹਲਕਿਆਂ ਵਿੱਚ ਪਰਨੀਤ ਕੌਰ ਦੇ ਕਾਂਗਰਸ ਵਿੱਚੋਂ ਬਾਗ਼ੀ ਹੋਣ ਬਾਰੇ ਕਾਫੀ ਹਲਚਲ ਹੈ। ਪਤਾ ਲੱਗਾ ਹੈ ਕਿ ਹਰੀਸ਼ ਚੌਧਰੀ ਨੇ ਪਰਨੀਤ ਕੌਰ ਦੀ ਤਾਜ਼ਾ ਗਤੀਵਿਧੀ ਬਾਰੇ ਕਾਂਗਰਸ ਹਾਈਕਮਾਨ ਨੂੰ ਦੱਸ ਦਿੱਤਾ ਹੈ। ਸੂਤਰ ਦੱਸਦੇ ਹਨ ਕਿ ਹਰੀਸ਼ ਚੌਧਰੀ ਨੇ ਹਾਈਕਮਾਨ ਤੋਂ ਪਰਨੀਤ ਕੌਰ ਖਿਲਾਫ ਅਗਲੀ ਕਾਰਵਾਈ ਕੀਤੇ ਜਾਣ ਸਬੰਧੀ ਪ੍ਰਵਾਨਗੀ ਵੀ ਮੰਗੀ ਹੈ।ਸੋਸ਼ਲ ਮੀਡੀਆ ਉੱਤੇ ਕੈਪਟਨ ਅਮਰਿੰਦਰ ਸਿੰਘ ਦੀ ਉਹ ਤਸਵੀਰ ਕਾਫੀ ਵਾਇਰਲ ਹੋ ਰਹੀ ਹੈ, ਜਿਸ ਵਿੱਚ ਉਹ ਪਟਿਆਲਾ ਨਗਰ ਨਿਗਮ ਕੰਪਲੈਕਸ ਦੇ ਬਾਹਰ ਖੜ੍ਹੇ ਹਨ। ਵੱਡੀ ਗਿਣਤੀ 'ਚ ਲੋਕਾਂ ਨੇ ਤਸਵੀਰ ਉੱਤੇ ਟਿੱਪਣੀਆਂ ਕੀਤੀਆਂ ਹਨ, ਜਿਸ ਦੌਰਾਨ ਕਿਸੇ ਨੇ ਲਿਖਿਆ ਹੈ, ''ਲੋਕਤੰਤਰ ਕਦੋਂ ਕਿਸੇ ਨੂੰ ਸਿਆਸੀ ਤੌਰ ਉੱਤੇ ਰਾਜੇ ਤੋਂ ਰੰਕ ਬਣਾ ਦੇਵੇ, ਅਮਰਿੰਦਰ ਦੀ ਤਸਵੀਰ ਗਵਾਹੀ ਭਰਦੀ ਹੈ।''

## ਬਰਗਾੜੀ ਕਾਂਡ ਉਤੇ ਅਕਾਲੀ ਦਲ ਛੱਡਣ ਵਾਲਾ ਪ੍ਰਿੰ. ਸੁਰਿੰਦਰ ਸਿੰਘ ਸ਼੍ਰੋਮਣੀ ਕਮੇਟੀ ਦਾ ਅਹੁਦੇਦਾਰ ਬਣਿਆ

* ਰੋਸ ਵਜੋਂ ਦਿੱਤਾ ਸੀ ਮੈਂਬਰੀ ਤੋਂ ਅਸਤੀਫ਼ਾ

ਅਨੰਦਪੁਰ ਸਾਹਿਬ, 30 (ਪੋਸਟ ਬਿਊਰੋ)- ਤਖ਼ਤ, ਸਰਦਾਰੀਆਂ, ਪ੍ਰਧਾਨਗੀਆਂ ਦਾ ਮੋਹ ਕਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਿਛੇ ਪਾ ਦਿੰਦਾ ਹੈ, ਇਸ ਦੀ ਮਿਸਾਲ ਕੱਲ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਜਲਾਸ ਵਿੱਚ ਚੁਣੇ ਗਏ ਜੂਨੀਅਰ ਮੀਤ ਪ੍ਰਧਾਨ ਗਿਆਨੀ ਸੁਰਿੰਦਰ ਸਿੰਘ ਨੇ ਇੱਕ ਵਾਰ ਫਿਰ ਕਾਇਮ ਕਰ ਦਿੱਤੀ ਹੈ। ਵਰਨਣ ਯੋਗ ਹੈ ਕਿ ਪ੍ਰਿੰਸੀਪਲ ਸੁਰਿੰਦਰ ਸਿੰਘ ਇਸ ਇਲਾਕੇ ਦੇ ਰੋਸ਼ਨ ਦਿਮਾਗ਼ ਮਿਸ਼ਨਰੀ ਮੰਨੇ ਜਾਂਦੇ ਹਨ ਅਤੇ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਵੀ ਹਨ। ਬਾਦਲ ਅਕਾਲੀ ਦਲ ਨੇ ਉਨ੍ਹਾਂ ਦੀ ਲਿਆਕਤ ਵੇਖ ਕੇ ਸ਼੍ਰੋਮਣੀ ਕਮੇਟੀ ਚੋਣ ਦੀ ਟਿਕਟ ਦਿੱਤੀ ਸੀ ਅਤੇ ਸੰਗਤਾਂ ਦੇ ਪਿਆਰ ਨਾਲ ਉਹ ਭਾਰੀ ਬਹੁਮਤ ਨਾਲ ਜਿੱਤ ਗਏ ਸਨ। ਕੁਝ ਚਿਰ ਬਾਅਦ ਬਰਗਾੜੀ ਕਾਂਡ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਰੌਲਾ ਪੈ ਗਿਆ ਸੀ, ਜਿਸ ਕਾਰਨ ਜਾਗਦੀ ਜ਼ਮੀਰ ਵਾਲੇ ਸਿੱਖਾਂ ਨੇ ਅਕਾਲੀ ਦਲ ਬਾਦਲ ਨਾਲੋਂ ਆਪਣਾ ਨਾਤਾ ਤੋੜ ਲਿਆ ਸੀ ਅਤੇ ਅੱਜ ਤਕ ਪਾਸੇ ਹੀ ਸਨ। ਇਸੇ ਰੋਸਹੇਠ ਸ਼੍ਰੋਮਣੀ ਕਮੇਟੀ ਮੈਂਬਰ ਪ੍ਰਿੰ. ਸੁਰਿੰਦਰ ਸਿੰਘ ਨੇ ਨਾ ਸਿਰਫ਼ ਸ਼੍ਰੋਮਣੀ ਕਮੇਟੀ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ, ਸਗੋਂ ਸਟੇਜਾਂ ਉੱਤੇ ਵੀ ਇਸ ਦਾ ਜ਼ਿਕਰ ਅਕਸਰ ਕਰਦੇ ਸਨ, ਪਰ ਅੱਜ ਲੋਕਾਂ ਵਿੱਚ ਚਰਚਾ ਹੈ ਕਿ ਉਹ ਅਸਤੀਫ਼ਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਿੱਥੇ ਗਈ? ਕੀ ਉਸ ਦਾ ਕੋਈ ਹੱਲ ਨਿਕਲ ਆਇਆ? ਅੱਜ ਵੀ ਬਾਦਲ ਅਕਾਲੀ ਦਲ ਇਸ ਬੇਅਦਬੀ ਦੇ ਬਾਰੇ ਆਪਣੀਆਂ ਸਫ਼ਾਈਆਂ ਦਿੰਦਾ ਨਹੀਂ ਥੱਕਦਾ। ਇਸ ਬਾਰੇ ਪ੍ਰਿੰ. ਸੁਰਿੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਮੰਨਿਆ ਕਿ ਉਨ੍ਹਾਂ ਨੇ ਅਸਤੀਫ਼ਾ ਦਿੱਤਾ ਸੀ, ਪਰ ਨਾ ਮਨਜ਼ੂਰ ਹੋ ਗਿਆ ਸੀ।

## ਕਰਤਾਰਪੁਰ ਸਾਹਿਬ ਲਾਂਘੇ ਉਤੇ ਪਾਕਿਸਤਾਨ ਵਾਲੇ ਪਾਸੇ ਪੁਲ ਬਣਾਏ ਜਾਣ ਦਾ ਕੰਮ ਸ਼ੁਰੂ



ਬਟਾਲਾ, 30 (ਪੋਸਟ ਬਿਊਰੋ)- ਨਵੰਬਰ 2019 ਵਿੱਚ ਜਦੋਂ ਪਾਕਿਸਤਾਨ ਵਿਚਲੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਨੇ ਮੇਲ-ਮਿਲਾਪ ਨਾਲ ਖੋਲ੍ਹਿਆ ਤਾਂ ਦੋਵਾਂ ਸਰਕਾਰਾਂ ਨੇ ਆਪੋ-ਆਪਣੇ ਪਾਸੇ ਕਰੋੜਾਂ ਰੁਪਏ ਦੇ ਖਰਚ ਨਾਲ ਟਰਮੀਨਲ ਬਣਾਏ ਸਨ ਅਤੇ ਖੁੱਲ੍ਹੇ ਸੜਕ ਬਣਾ ਕੇ ਲਾਂਘੇ ਦੀ ਦਿਖ ਨੂੰ ਸ਼ਾਨਦਾਰ ਰੂਪ ਦਿੱਤਾ ਸੀ। ਭਾਰਤ ਸਰਕਾਰ ਨੇ 100 ਮੀਟਰ ਜ਼ੀਰੋ ਲਾਈਨ ਤਕ ਪੁਲ ਬਣਾਇਆ ਸੀ ਤੇ ਪਾਕਿਸਤਾਨ ਨਾਲ ਹੋਏ ਸਮਝੌਤੇ ਮੁਤਾਬਕ ਉਨ੍ਹਾਂ ਨੇ300 ਮੀਟਰ ਨਾਲ ਜੋੜਨ ਵਾਲਾ ਪੁਲ ਬਣਾਉਣਾ ਸੀ। ਪਾਕਿਸਤਾਨ ਨੇ ਇਹ ਵਾਅਦਾ ਇੱਕ ਸਾਲ ਵਿੱਚ ਪੂਰਾ ਕਰਨ ਲਈ ਕਿਹਾ ਅਤੇ ਪੁਲ ਬਣਾਉਣ ਤੋਂ ਪਹਿਲਾਂ ਉਨ੍ਹਾਂ ਨੇ ਭਾਰਤੀ ਟਰਮੀਨਲ ਤੋਂ ਪਾਕਿਸਤਾਨ ਟਰਮੀਨਲ ਤਕ ਜ਼ੀਰੋ ਲਾਈਨ ਉੱਤੇ ਬਣੇ ਮੁੱਖ ਗੇਟਾਂ ਵਿੱਚੋਂ ਲੰਘਦੀ ਆਰਜ਼ੀ ਸੜਕ ਬਣਾਉਣ ਦਾ ਫੈਸਲਾ ਲਿਆ ਸੀ।

ਕੋਰੋਨਾ ਮਹਾਂਮਾਰੀ ਦੌਰਾਨ ਇਹ ਲਾਂਘਾ ਬੰਦ ਹੋਣ ਤੋਂ ਬਾਅਦ ਇਹ ਪੁਲ ਵੀ ਵਿੱਚ-ਵਿਚਾਲੇ ਰਹਿ ਗਿਆ, ਜਿਸ ਨੂੰ ਪਾਕਿਸਤਾਨ ਸਰਕਾਰ ਅੱਜਕੱਲ੍ਹ ਪੂਰਾ ਕਰਨ ਦੇ ਰੌਂਅ ਵਿੱਚ ਲੱਗਦੀ ਹੈ। ਇਸ ਬਾਰੇ ਕੁਝ ਅਧਿਕਾਰੀਆਂ ਨੇ ਕੱਲ੍ਹ ਸਰਵੇ ਵੀ ਕੀਤਾ ਹੈ। ਵਰਨਣ ਯੋਗ ਹੈ ਕਿ ਇਹ ਪੁਲ ਬਰਸਾਤਾਂ ਦੌਰਾਨ ਹੜ੍ਹਾਂ ਤੋਂ ਬਚਾਓ ਅਤੇ ਸ਼ਰਧਾਲੂਆਂ ਦੀ ਸਹੂਲਤ ਲਈ ਮੁੱਖ ਮਾਰਗ ਵਜੋਂ ਵਰਤਿਆ ਜਾਣਾ ਹੈ। ਰਾਵੀ ਦਰਿਆ ਨੇੜੇ ਹੋਣ ਤੇ ਇਹ ਇਲਾਕਾ ਨੀਵਾਂ ਹੋਣ ਕਾਰਨ ਬਰਸਾਤਾਂ ਦੌਰਾਨ ਇੱਥੇ ਕਈ ਵਾਰ ਵੱਧ ਪਾਣੀ ਕਾਰਨ ਸਥਿਤੀ ਖ਼ਰਾਬ ਹੋ ਜਾਂਦੀ ਹੈ। ਭਾਰਤ ਵਾਲੇ ਪਾਸੇ ਤੋਂ ਹੜ੍ਹਾਂ ਨੂੰ ਰੋਕਣ ਲਈ ਇੱਕ ਧੁੱਸੀ ਬੰਨ੍ਹ ਬਣਾਇਆ ਗਿਆ ਹੈ, ਜੋ ਜ਼ੀਰੋ ਲਾਈਨ ਤੋਂ 100 ਮੀਟਰ ਦੂਰ ਹੈ ਅਤੇ ਹੜ੍ਹਾਂ ਦਾ ਪਾਣੀ ਰੋਕਣ ਲਈ ਪਾਕਿਸਤਾਨ ਨੇ ਵੀ ਕੁਝ ਸਾਲ ਪਹਿਲਾਂ ਇਸੇ ਤਰ੍ਹਾਂ ਦਾ ਬੰਨ੍ਹ ਜ਼ੀਰੋ ਲਾਈਨ ਤੋਂ 300 ਮੀਟਰ ਦੂਰ ਬਣਾਇਆ ਸੀ। ਇਸ ਪੁਲ ਬਾਰੇ ਭਾਰਤ ਤੇ ਪਾਕਿਸਤਾਨ ਦੇ ਅਧਿਕਾਰੀਆਂ ਦੀਆਂ ਮਾਰਚ 2019, 16 ਅਪ੍ਰੈਲ 2019, 28 ਮਈ 2019 ਨੂੰ ਮੀਟਿੰਗਾਂ ਹੋਈਆਂ ਸਨ। ਜਿਨ੍ਹਾਂ ਵਿੱਚ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਮੁਨੀਸ਼ ਰਸਤੋਗੀ ਤੇ ਲੈਂਡ ਪੋਰਟ ਅਥਾਰਟੀ ਆਫ਼ ਇੰਡੀਆ ਵੱਲੋਂ ਲਾਂਘੇ ਨੂੰ ਖੋਲ੍ਹਣ ਤੋਂ ਪਹਿਲਾਂ ਪਾਕਿਸਤਾਨ ਅਧਿਕਾਰੀਆਂ ਨਾਲ ਹੋਈ ਮੀਟਿੰਗ ਵਿੱਚ ਉਨ੍ਹਾ ਨੇ ਇਹ ਪੁਲ ਬਣਾਉਣ ਤੋਂ ਸਾਫ਼ ਨਾਂਹ ਵੀ ਕਰ ਦਿੱਤੀ ਸੀ ਅਤੇ ਫਿਰ ਕੁਝ ਦੇਰ ਮਾਮਲਾ ਲਟਕਿਆ ਵੀ ਰਿਹਾ ਸੀ, ਪ੍ਰੰਤੂ ਦੁਬਾਰਾ ਲਾਂਘ ਖੁੱਲ੍ਹਣ ਤੋਂ ਬਾਅਦ ਦੋਵੇਂ ਪਾਸੇ ਬਣੇ ਖੁਸ਼ਨੁਮਾ ਮਾਹੌਲ ਤੋਂ ਬਾਅਦ ਇਸ ਪੁਲ ਨੂੰ ਬਣਾਉਣਾ ਪਾਕਿਸਤਾਨ ਨੇ ਸ਼ੁਰੂ ਕਰ ਦਿੱਤਾ ਹੈ।

## ਤਿੰਨ ਖੇਤੀ ਕਾਨੂੰਨ ਰੱਦ ਹੋਣ ਪਿਛੋਂ ਭਾਜਪਾ ਫਿਰ ਸਰਗਰਮ ਹੋਣ ਲੱਗੀ



ਜਲੰਧਰ, 30 ਨਵੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤਿੰਨ ਖੇਤੀ ਕਾਨੂੰਨ ਰੱਦ ਕਰਨ ਦੇ ਫੈਸਲੇ ਦਾ ਦੇਸ਼ ਦੇ ਬਾਕੀ ਰਾਜਾਂ ਵਿੱਚ ਕੀ ਅਸਰ ਹੋਵੇਗਾ, ਇਹ ਤਾਂ ਪਤਾ ਨਹੀਂ, ਪਰ ਇਸ ਫੈਸਲੇ ਨੇ ਪੰਜਾਬ ਦੀ ਭਾਰਤੀ ਜਨਤਾ ਪਾਰਟੀ ਵਿੱਚ ਨਵੀਂ ਤਾਕਤ ਭਰ ਦਿੱਤੀ ਹੈ। ਖੇਤੀ ਕਾਨੂੰਨਾਂ ਖਿਲਾਫ ਜਦੋਂ ਕਿਸਾਨਾਂ ਨੇ ਅੰਦੋਲਨ ਸ਼ੁਰੂ ਕੀਤਾ ਹੈ, ਓਦੋਂ ਤੋਂ ਪੰਜਾਬ ਭਾਜਪਾ ਪਿਛੜਦੀ ਜਾ ਰਹੀ ਸੀ ਅਤੇ ਸੰਘਰਸ਼ ਦੇ ਦੌਰਾਨ ਹਾਸ਼ੀਏ ਉੱਤੇ ਪਹੁੰਚ ਗਈ ਸੀ। ਇੱਥੋਂ ਤਕ ਕਿ ਭਾਜਪਾ ਨੇਤਾਵਾਂ ਦਾ ਘਰੋਂ ਨਿਕਲਣਾ ਵੀ ਦੁੱਭਰ ਹੋ ਗਿਆ ਸੀ। ਭਾਜਪਾ ਦੇ ਸੂਬਾ ਪ੍ਰਧਾਨ ਸਮੇਤ ਜਦ ਕੋਈ ਸੀਨੀਅਰ ਨੇਤਾ ਕਿਸੇ ਸ਼ਹਿਰ ਵਿੱਚ ਬੈਠਕ ਵਿੱਚ ਜਾਂ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਜਾਂਦਾ ਤਾਂ ਉਸ ਨੂੰ ਘੇਰ ਲਿਆ ਜਾਂਦਾ। ਇੱਥੋਂ ਤਕ ਕਿ ਅਬੋਹਰ ਤੋਂ ਭਾਜਪਾ ਵਿਧਾਇਕ ਅਰੁਣ ਨਾਰੰਗ ਦੇ ਨਾਲ-ਨਾਲ ਹੋਰ ਲੀਡਰਾਂ ਨਾਲ ਬਹੁਤ ਬੁਰਾ ਵਿਹਾਰ ਕੀਤਾ ਗਿਆ।

ਤਿੰਨੇ ਖੇਤੀ ਕਾਨੂੰਨ ਰੱਦ ਹੋਣ ਮਗਰੋਂ ਭਾਜਪਾ ਨੇਤਾਵਾਂ ਵਿੱਚ ਇੱਕ ਤਾਕਤ ਪੈਦਾ ਹੋਈ ਜਾਪਦੀ ਹੈ। ਕੱਲ੍ਹ ਭਾਜਪਾ ਦੇ ਸੂਬਾ ਪ੍ਰਧਾਨ ਨੇ ਪੂਰਾ ਦਿਨ ਜਲੰਧਰ ਰਹਿ ਕੇ ਚਾਰਾਂ ਵਿਧਾਨ ਸਭਾ ਹਲਕਿਆਂ ਦੇ ਲਈ ਬੈਠਕ ਕਰ ਕੇ ਵਰਕਰਾਂ ਅਤੇ ਅਹੁਦੇਦਾਰਾਂ ਨੂੰ ਚੋਣਾਂ ਲਈ ਡੱਟ ਜਾਣ ਲਈ ਕਿਹਾ। ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਕਿਹੋ ਜਿਹਾ ਪ੍ਰਦਰਸ਼ਨ ਕਰਦੀ ਹੈ, ਇਹ ਤਾਂ ਪਤਾ ਨਹੀਂ, ਪਰ ਭਾਜਪਾ ਨੇਤਾਵਾਂ ਨੂੰ ਆਪਣਾ ਪ੍ਰਚਾਰ, ਰੈਲੀਆਂ, ਪ੍ਰਦਰਸ਼ਨ, ਬੈਠਕਾਂ, ਰੈਲੀਆਂ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਭਾਰਤੀ ਜਨਤਾ ਪਾਰਟੀ ਇਸ ਵਾਰ ਪੰਜਾਬ ਦੀਆਂ ਸਾਰੀਆਂ 117 ਸੀਟਾਂ ਉੱਤੇ ਚੋਣ ਲੜ ਰਹੀ ਹੈ ਤਾਂ ਉਨ੍ਹਾਂ ਨੂੰ ਉਮੀਦਵਾਰ ਤੈਅ ਕਰਨ ਵਿੱਚ ਵੀ ਪ੍ਰੇਸ਼ਾਨੀ ਹੋ ਰਹੀ ਸੀ। ਜੋ ਉਮੀਦਵਾਰ ਟਿਕਟ ਦੇ ਦਾਅਵੇਦਾਰ ਸਨ, ਉਹ ਵੀ ਦੁਬਿਧਾ ਵਿੱਚ ਸਨ ਕਿ ਚੋਣ ਪ੍ਰਚਾਰ ਕਿੱਦਾਂ ਕਰਨਗੇ। ਵਰਕਰ ਕਿੱਦਾਂ ਅੱਗੇ ਵਧ ਕੇ ਚੋਣ ਪ੍ਰਚਾਰ ਵਿੱਚ ਜਾਣਗੇ। ਕੱਲ੍ਹ ਪਾਰਲੀਮੈਂਟਵਿੱਚ ਵੀ ਕਾਨੂੰਨ ਰੱਦ ਹੋਣ ਨਾਲ ਪੰਜਾਬ ਭਾਜਪਾ ਦੀਆਂ ਚਿੰਤਾਵਾਂ ਵੀ ਖਤਮ ਹੋ ਗਈਆਂ ਹਨ। ਹੁਣ ਭਾਜਪਾ ਸੂਬੇ ਵਿੱਚ ਖੁੱਲ੍ਹ ਕੇ ਚੋਣ ਪ੍ਰਚਾਰ ਵੀ ਕਰ ਸਕੇਗੀ।

## ਸਿੱਧੂ ਮੂਸੇਵਾਲਾ ਨੂੰ ਕਾਂਗਰਸ ਮਾਨਸਾ ਤੋਂ ਚੋਣ ਲੜਾਉਣ ਲਈ ਤਿਆਰ?

ਮਾਨਸਾ, 30 (ਪੋਸਟ ਬਿਊਰੋ)- ਭਰੋਸੇਯੋਗ ਸੂਤਰਾਂ ਮੁਤਾਬਕ ਕਾਂਗਰਸ ਹਾਈ ਕਮਾਨ ਵਿਧਾਨ ਸਭਾ ਹਲਕਾ ਮਾਨਸਾ ਤੋਂ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਨੂੰ ਚੋਣ ਮੈਦਾਨ ਵਿੱਚ ਉਤਾਰਨ ਵਾਲੀ ਹੈ। ਪਾਰਟੀ ਦੀ ਕੇਂਦਰੀ ਤੇ ਪੰਜਾਬ ਇਕਾਈ ਇਸ ਬਾਰੇ ਸਿੱਧੂ ਨਾਲ ਸੰਪਰਕ ਰੱਖ ਰਹੀ ਹੈ ਤੇ ਪੰਜਾਬ ਕੈਬਨਿਟ ਦੇ ਕਈ ਮੰਤਰੀਆਂ ਦਾ ਵੀ ਉਸ ਨਾਲ ਸੰਪਰਕ ਹੈ ਅੇਤ ਉਸ ਉੱਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਕਾਂਗਰਸ ਮਾਨਸਾ ਹਲਕੇ ਤੋਂ ਚੋਣ ਲੜੇ।

ਮਾਨਸਾ ਤੋਂ ਅੱਠ ਕਿੱਲੋਮੀਟਰ ਦੀ ਦੂਰ ਵਸਿਆ ਸਿੱਧੂ ਦਾ ਪਿੰਡ ਮੂਸਾ ਸਰਦੂਲਗੜ੍ਹ ਵਿਧਾਨ ਸਭਾ ਹਲਕੇ ਵਿੱਚ ਹੈ।

ਵਰਨਣ ਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਵੀ ਸਿੱਧੂ ਨੂੰ ਚੋਣ ਲੜਾਉਣ ਦੀ ਚਰਚਾ ਸੀ, ਪਰ ਉਸ ਨੇ ਉਨ੍ਹਾ ਨੂੰ ਪੱਲਾ ਨਹੀਂ ਸੀ ਫੜਾਇਆ। ਸੂਤਰਾਂ ਅਨੁਸਾਰ ਕਾਂਗਰਸ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਿੱਧੂ ਨੂੰ ਸਟਾਰ ਪ੍ਰਚਾਰਕ ਬਣਾਉਣਾ ਚਾਹੁੰਦੀ ਹੈ। ਕਾਂਗਰਸ ਆਗੂਆਂ ਦੀ ਰਾਏ ਹੈ ਕਿ ਪੂਰੇ ਪੰਜਾਬ ਖ਼ਾਸ ਕਰ ਕੇ ਮਾਲਵਾ ਖੇਤਰ ਵਿੱਚ ਸਿੱਧੂ ਉਨ੍ਹਾ ਲਈ ਸਹਾਈ ਸਿੱਧ ਹੋਵੇਗਾ। ਪਿਛਲੇ ਤਿੰਨ ਦਿਨਾਂ ਤੋਂ ਸਿੱਧੂ ਦੇ ਘਰ ਮੂਸਾ ਵਿਖੇ ਮਾਨਸਾ ਦੇ ਕਾਂਗਰਸੀਸਰਪੰਚ, ਪੰਚ ਵਫ਼ਦਾਂ ਦੇ ਰੂਪ ਵਿੱਚ ਉਸ ਨੂੰ ਮਿਲ ਰਹੇ ਹਨ। ਪੱਤਰਕਾਰਾਂ ਨੇ ਮੂਸੇਵਾਲਾ ਤੋਂ ਜਦੋਂ ਇਹ ਪੁੱਛਿਆ ਕਿ ਉਹ ਚੋਣ ਲੜਨ ਲਈ ਤਿਆਰ ਹਨ ਤਾਂ ਉਸ ਨੇ ਬੇਝਿਜਕ ਕਿਹਾ ਕਿ ਹਲਕਾ ਮਾਨਸਾ ਦੇ ਪਾਰਟੀ ਵਰਕਰਾਂ ਅਤੇ ਆਮ ਲੋਕਾਂ ਦੀਆਂ ਭਾਵਨਾਵਾਂ ਦੀ ਇੱਜ਼ਤ ਕੀਤੀ ਜਾਵੇਗੀ।


Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU

647.539.3020

1450 Meyerside Drive, Suite 308, Mississauga

2 OFFICES TO SERVE YOU

55 St. Clair Ave., West, Toronto

email: bsidhu@steinmetzlawyers.ca   website: www.steinmetzlawyers.ca


## ਤਖ਼ਤ ਕੇਸਗੜ੍ਹ ਸਾਹਿਬ ਬੇਅਦਬੀ ਕੇਸ ਵਿੱਚ ਬਦਲਿਆ ਮੈਨੇਜਰ ਮੁੜ ਕੇ ਓਥੇ ਲਾਇਆ

ਸ੍ਰੀ ਅਨੰਦਪੁਰ ਸਾਹਿਬ, 30 (ਪੋਸਟ ਬਿਊਰੋ)- ਬੀਤੀ 13 ਸਤੰਬਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਉੱਤੇ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਖ਼ਬਰਾਂ ਦੀ ਸਿਆਹੀ ਅਜੇ ਸੁੱਕੀ ਨਹੀਂ ਕਿ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖ਼ੁਦ ਜ਼ਿੰਮੇਵਾਰ ਮੰਨੇ ਅਧਿਕਾਰੀ ਮੈਨੇਜਰ ਮਲਕੀਤ ਸਿੰਘ ਨੂੰ ਮੁੜ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਪੂਰੀਆਂ ਤਾਕਤਾਂ ਨਾਲ ਮੈਨੇਜਰ ਲਾ ਦਿੱਤਾ ਹੈ, ਜਿਸ ਤੋਂ ਸੰਗਤਾਂ ਹੈਰਾਨੀ ਪ੍ਰਗਟ ਕਰ ਰਹੀਆਂ ਹਨ।

ਵਰਨਣ ਯੋਗ ਹੈ ਕਿ ਜਦੋਂ ਤਖ਼ਤ ਕੇਸਗੜ੍ਹ ਸਾਹਿਬ ਵਿੱਚ ਇੱਕ ਆਦਮੀਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਸੀ ਤਾਂ ਸ਼੍ਰੋਮਣੀ ਕਮੇਟੀ ਨੇ ਇਹ ਮਾਮਲਾ ਪੁਲਸ ਉਤੇ ਸੁੱਟਣ ਦੀ ਕੋਸ਼ਿਸ਼ ਕੀਤੀ ਸੀ, ਪਰ ਮੀਡੀਆ ਵੱਲੋਂ ਸੱਚੀਆਂ ਰਿਪੋਰਟਾਂ ਛਾਪਣ ਪਿੱਛੋਂ ਸੰਗਤਾਂ ਦੇ ਰੋਹ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਘਬਰਾ ਗਈ ਤੇ ਮੈਨੇਜਰ ਮਲਕੀਤ ਸਿੰਘ ਅਤੇ ਹੈਡ ਗ੍ਰੰਥੀ ਗਿਆਨੀ ਫੂਲਾ ਸਿੰਘ ਦੇ ਤਬਾਦਲੇ ਕਰ ਦਿੱਤੇ ਸਨ ਅਤੇ ਮਲਕੀਤ ਸਿੰਘ ਨੂੰ ਮੀਤ ਮੈਨੇਜਰ ਬਣਾ ਦਿੱਤਾ ਸੀ। ਇਸ ਬਾਰੇ ਇੱਕ ਜਾਂਚ ਕਮੇਟੀ ਬਣਾਈ ਗਈ ਸੀ, ਜਿਸ ਦੀ ਅਜੇ ਤਕ ਕੋਈ ਰਿਪੋਰਟ ਜਨਤਕ ਨਹੀਂ ਹੋਈ।

ਜਾਣਕਾਰ ਸੂਤਰਾਂ ਮੁਤਾਬਕ ਮੈਨੇਜਰ ਮਲਕੀਤ ਸਿੰਘ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨਾਲ ਨੇੜਤਾ ਮੰਨੀ ਹੈ ਤੇ ਬੀਤੇ ਸਮੇਂ ਵਿੱਚ ਉਹ ਕਈ ਵਾਰ ਤਖ਼ਤ ਸਾਹਿਬ ਲੱਗਣ ਦੀ ਅਸਫ਼ਲ ਕੋਸ਼ਿਸ਼ ਕਰਦੇ ਰਹੇ ਹਨ ਪਰ ਬੀਬੀ ਜਗੀਰ ਕੌਰ ਦੇ ਪ੍ਰਧਾਨ ਲੱਗਦਿਆਂ ਹੀ ਉਨ੍ਹਾਂ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਲਾ ਦਿੱਤਾ ਗਿਆ ਸੀ। ਬੇਅਦਬੀ ਤੋਂ ਬਾਅਦ ਸੰਗਤਾਂ ਦੇ ਵਿਰੋਧ ਕਾਰਨ ਉਨ੍ਹਾਂ ਨੂੰ ਬਦਲਣਾ ਪਿਆ ਅਤੇ ਸ਼ਾਇਦ ਬੀਬੀ ਜੀ ਸਮਝ ਗਏ ਕਿ ਦੁਬਾਰਾ ਉਨ੍ਹਾਂ ਪ੍ਰਧਾਨ ਨਹੀਂ ਬਣਨਾ ਤਾਂ ਜਾਂਦੇ-ਜਾਂਦੇ ਮਲਕੀਤ ਸਿੰਘ ਦੇ ਆਰਡਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਕਰ ਗਏ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਨਾਲ ਬਦਲੇ ਗਏ ਹੈਡ ਗ੍ਰੰਥੀ ਗਿਆਨੀ ਫੂਲਾ ਸਿੰਘ ਦੀ ਵਾਪਸੀ ਨਹੀਂ ਹੋਈ। ਇਸ ਬਾਰੇ ਮੈਨੇਜਰ ਮਲਕੀਤ ਸਿੰਘ ਨਾਲ ਗੱਲ ਹੋਈ ਤਾਂ ਉਨ੍ਹਾਂ ਕਿਹਾ ਕਿ ਉਹ ਤਖ਼ਤ ਸਾਹਿਬ ਤੇ ਦਫ਼ਤਰ ਵੱਲੋਂ ਕੀਤੇ ਹੁਕਮਾਂ ਨਾਲ ਆਏ ਹਨ ਤੇ ਉਨ੍ਹਾਂ ਇਹ ਵੀ ਮੰਨਿਆ ਕਿ ਬੇਅਦਬੀ ਕੇਸ ਦੀ ਜਾਂਚ ਅਜੇ ਚਲ ਰਹੀ ਅਤੇ ਪ੍ਰਧਾਨ ਸਾਹਿਬ ਦੀ ਮਰਜ਼ੀ ਹੈ, ਉਹ ਜਿਸ ਨੂੰ ਜਿੱਥੇ ਮਰਜ਼ੀ ਲਾਉਣ। ਉਨ੍ਹਾਂ ਨੇ ਬੀਬੀ ਜਗੀਰ ਕੌਰ ਨਾਲ ਕਿਸੇ ਤਰ੍ਹਾਂ ਦੀ ਨਜ਼ਦੀਕੀ ਦੀ ਗੱਲ ਨੂੰ ਵੀ ਰੱਦ ਕੀਤਾ।

## ਡਰੱਗ ਤਸਕਰੀ ਕੇਸ ਵਿੱਚ 'ਸੋਰਸ' ਨਿਰਧਾਰਤ ਕਰਨਾ ਜ਼ਰੂਰੀ: ਹਾਈ ਕੋਰਟ





ਚੰਡੀਗੜ੍ਹ, 30 (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਕੇਸ ਦੀ ਸੁਣਵਾਈ ਦੌਰਾਨ ਇਹ ਸਾਫ਼ ਕੀਤਾ ਹੈ ਕਿ ਡਰੱਗ ਤਸਕਰੀ ਉੱਤੇ ਨੱਥ ਪਾਉਣ ਲਈ 'ਸੋਰਸ' ਨੂੰ ਤੈਅ ਕਰਨਾ ਜ਼ਰੂਰੀ ਸੀ।

ਜਸਟਿਸ ਜਸਗੁਰਪ੍ਰੀਤ ਸਿੰਘ ਪੁਰੀ ਦੀ ਬੈਂਚ ਨੇ 100 ਕਿੱਲੋ ਭੁੱਕੀ ਦੀ ਬਰਾਮਦਗੀ ਦੇ ਕੇਸ ਵਿੱਚ ਇਹ ਗੱਲ ਕਹੀ ਹੈ। ਨਵਾਂਸ਼ਹਿਰ ਜ਼ਿਲ੍ਹੇ ਵਿੱਚ 11 ਅਗਸਤ ਨੂੰ ਦਰਜ ਇੱਕ ਡਰੱਗ ਕੇਸ ਵਿੱਚ ਦੋਸ਼ੀ ਦੀ ਅਗਾਊਂ ਜ਼ਮਾਨਤ ਪਟੀਸ਼ਨਬਾਰੇ ਹਾਈ ਕੋਰਟ ਸੁਣਵਾਈ ਕਰ ਰਹੀ ਸੀ। ਦੋਸ਼ੀ ਦੇ ਵਕੀਲ ਨੇ ਉਸ ਨੂੰ ਕੇਸ ਵਿੱਚ ਝੂਠਾ ਫਸਾਉਣ ਦੇ ਦੋਸ਼ ਲਾਏ ਸਨ। ਉਸ ਦੇ ਸਾਥੀ ਦੋਸ਼ੀ ਦੇ ਬਿਆਨ ਦੇ ਆਧਾਰ ਉੱਤੇ ਉਸ ਨੂੰ ਦੋਸ਼ੀ ਬਣਾਇਆ ਗਿਆ ਸੀ। ਇਸ ਲਈ ਕਿਹਾ ਗਿਆ ਸੀ ਕਿ ਉਸ ਦੇ ਜ਼ਮਾਨਤ ਦੇ ਕੇਸ ਉੱਤੇ ਵਿਚਾਰ ਹੋਣਾ ਚਾਹੀਦਾ ਹੈ। ਹਾਈ ਕੋਰਟ ਨੇ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੂੰ ਪਟੀਸ਼ਨਰ ਦੇ ਪੁਰਾਣੇ ਕੇਸਾਂ (ਜੇ ਕੋਈ ਹੋਣ) ਬਾਰੇ ਐਫੀਡੇਵਿਟ ਰਾਹੀਂ ਦੱਸਣ ਨੂੰ ਕਿਹਾ ਸੀ। ਇਸ ਤੋਂ ਇਲਾਵਾ ਇਹ ਦੱਸਣ ਨੂੰ ਕਿਹਾ ਸੀ ਕਿ ਕੀ ਪੁਲਸ ਕੋਲ ਦੂਸਰੇ ਦੋਸ਼ੀ ਦੇ ਬਿਆਨ ਤੋਂ ਇਲਾਵਾ ਕੋਈ ਹੋਰ ਸਬੂਤ ਹੈ, ਜਿਹੜਾ ਉਸ ਦੀ ਮੌਜੂਦਾ ਕੇਸ ਵਿੱਚ ਰਿਕਵਰੀ ਸਾਬਤ ਕਰਦਾ ਹੋਵੇ। ਇਸ ਬਾਰੇ ਡੀ ਐਸ ਪੀ ਰੈਂਕ ਦੇ ਅਫ਼ਸਰ ਨੇਐਫੀਡੇਵਿਟਪੇਸ਼ ਕਰ ਕੇ ਦੱਸਿਆ ਸੀ ਕਿ ਪਟੀਸ਼ਨਰ ਅਤੇ ਹੋਰ ਦੋਸ਼ੀ ਡਰੱਗ ਸਮੇਤ ਫੜੇ ਗਏ ਵਿਅਕਤੀ ਨਾਲ ਕਈ ਵਾਰ ਫ਼ੋਨ ਉੱਤੇ ਸੰਪਰਕ ਵਿੱਚ ਸਨ। ਬੈਂਚ ਨੂੰ ਪਤਾ ਲੱਗਾ ਕਿ ਪਟੀਸ਼ਨਰ ਦੇ ਖ਼ਿਲਾਫ਼ ਇਸ ਤੋਂ ਇਲਾਵਾ ਕੋਈ ਹੋਰ ਕੇਸ ਨਹੀਂ ਸੀ। ਬੈਂਚ ਨੇ ਕਿਹਾ ਕਿ ਐਨ ਡੀ ਪੀ ਐਸ ਐਕਟ ਤਹਿਤ ਡਰੱਗ ਤਸਕਰੀ ਨੂੰ ਰੋਕਣ ਲਈ ਸੋਰਸ ਨਿਰਧਾਰਤ ਕਰਨਾ ਜ਼ਰੂਰੀ ਹੈ। ਇਸ ਕਰਕੇ ਉਸ ਦੀ ਅਗਾਊਂ ਜ਼ਮਾਨਤ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ।

# ਦੇਸ਼ਮੁਖ ਭ੍ਰਿਸ਼ਟਾਚਾਰ ਕੇਸ ਵਿੱਚ ਪਰਮਬੀਰ ਸਿੰਘ ਜਾਂਚ ਕਮਿਸ਼ਨ ਅੱਗੇ ਪੇਸ਼

ਮੁੰਬਈ, 30 ਨਵੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਸਾਬਕਾ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਦੇ ਖਿਲਾਫ ਇੱਕ ਭ੍ਰਿਸ਼ਟਾਚਾਰ ਦੇ ਕੇਸ ਦੀ ਜਾਂਚ ਕਰਦੇ ਕਮਿਸ਼ਨ ਨੇ ਕੱਲ੍ਹ ਮੁੰਬਈ ਦੇ ਸਾਬਕਾ ਪੁਲਸ ਕਮਿਸ਼ਨਰ ਪਰਮਬੀਰ ਸਿੰਘ ਦੇ ਪੇਸ਼ ਹੋਣ ਮਗਰੋਂ ਉਸ ਦੇ ਖਿਲਾਫ ਜਾਰੀ ਜ਼ਮਾਨਤੀ ਵਾਰੰਟ ਰੱਦ ਕਰ ਦਿੱਤੇ ਹਨ।



ਜਸਟਿਸ ਕੇ ਯੂ ਚੰਡੀਵਾਲ ਦੀ ਅਗਵਾਈ ਵਾਲੇ ਕਮਿਸ਼ਨ ਨੇ ਪਰਮਬੀਰ ਸਿੰਘ ਨੂੰ ਮੁੱਖ ਮੰਤਰੀ ਰਾਹਤ ਫੰਡ ਵਿੱਚ 15000 ਰੁਪਏ ਜਮ੍ਹਾਂ ਕਰਵਾਉਣ ਦੀ ਵੀ ਹਿਦਾਇਤ ਕੀਤੀ ਹੈ। ਇਸ ਦੌਰਾਨਪਰਮਬੀਰ ਸਿੰਘ ਨੇ ਇੱਕ ਮੈਂਬਰੀ ਜਾਂਚ ਕਮਿਸ਼ਨ ਕੋਲ ਦਾਖਲ ਐਫੀਡੇਵਿਟ ਵਿੱਚ ਦਾਅਵਾ ਕੀਤਾ ਹੈ ਕਿ ਉਸ ਕੋਲ ਲੁਕਾਉਣ ਲਈ ਕੁਝ ਨਹੀਂ ਤੇ ਉਹ ਇਹ ਨਹੀਂ ਚਾਹੁੰਦਾ ਕਿ ਜਾਂਚ ਪੈਨਲ ਉਸ ਨੂੰ ਸਵਾਲ ਕਰੇ।ਇਸ ਮੌਕੇ ਅਨਿਲ ਦੇਸ਼ਮੁਖ ਦੇ ਵਕੀਲ ਨੇ ਪਰਮਬੀਰ ਸਿੰਘ ਤੇ ਨੌਕਰੀਓਂ ਕੱਢੇ ਪੁਲਸ ਅਧਿਕਾਰੀ ਸਚਿਨ ਵਾਜ਼ੇ ਨੂੰ ਕਮਿਸ਼ਨ ਦੇ ਦਫਤਰ ਵਿਚਲੇ ਇੱਕ ਹੋਰ ਕਮਰੇ ਵਿੱਚ ਇਕੱਠੇ ਬਿਠਾਉਣ ਉੱਤੇ ਕਮਿਸ਼ਨ ਅੱਗੇ ਇਤਰਾਜ਼ਕੀਤਾ। ਵਾਜ਼ੇ ਨੂੰ ਕੇਸ ਨਾਲ ਸਬੰਧਤ ਸਵਾਲਾਂ ਦੇ ਜਵਾਬ ਦੇਣ ਲਈ ਸੱਦਿਆ ਸੀ। ਦੇਸ਼ਮੁੱਖ ਦੇ ਵਕੀਲ ਨੇ ਕਿਹਾ, 'ਪਰਮਬੀਰ ਸਿੰਘ ਅਤੇ ਗਵਾਹ (ਵਜ਼ੇ) ਪਿਛਲੇ ਇੱਕ ਘੰਟੇ ਤੋਂ ਇਕੱਠੇ ਬੈਠੇ ਹਨ। ਉਹ (ਸਿੰਘ) ਗਵਾਹ ਨੂੰ ਅਸਰਅੰਦਾਜ਼ ਕਰ ਸਕਦਾ ਹੈ।'' ਜਸਟਿਸ (ਸੇਵਾਮੁਕਤ) ਚੰਡੀਵਾਲ ਨੇ ਕਿਹਾ, ''ਇਸ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ?'' ਬਾਅਦ ਵਿੱਚ ਉਨ੍ਹਾਂ ਨੇ ਵਜ਼ੇ ਨੂੰ ਕਿਹਾ ਕਿ ''ਚੰਗਾ ਹੋਵੇਗਾ ਜੇ ਤੁਸੀਂ ਇਸ ਸਥਿਤੀ ਨੂੰ ਟਾਲਣ ਲਈ ਵੱਖਰੇ ਬੈਠੋ।''

ਸਥਾਨਕ ਕੋਰਟ ਨੇ ਜਬਰੀ ਵਸੂਲੀ ਕੇਸ ਵਿੱਚ ਪਰਮਬੀਰ ਸਿੰਘ ਨੂੰ ਭਗੌੜਾ ਐਲਾਨਿਆ ਹੋਇਆ ਸੀ ਅਤੇ ਉਹ ਛੇ ਮਹੀਨਿਆਂ ਮਗਰੋਂ ਅਜੇ ਪਿਛਲੇ ਹਫਤੇ ਮੁੰਬਈ ਵਿੱਚ ਨਜ਼ਰ ਆਇਆ ਸੀ। ਪਰਮਬੀਰ ਸਿੰਘ ਨੇ ਮੁੰਬਈ ਅਪਰਾਧ ਸੈਲ ਅੱਗੇ ਪੇਸ਼ਹੋ ਕੇ ਆਪਣੇ ਬਿਆਨ ਵੀ ਦਰਜ ਕਰਾਏ ਸਨ। ਸੁਪਰੀਮ ਕੋਰਟ ਨੇ ਉਸ ਨੂੰ ਗ੍ਰਿਫਤਾਰੀ ਤੋਂ ਆਰਜ਼ੀ ਰਾਹਤ ਦਿੱਤੀ ਹੋਈ ਹੈ ਅਤੇ ਬਾਕੀ ਹਰ ਤਰ੍ਹਾਂ ਦੀ ਜਾਂਚ ਵਿੱਚ ਸ਼ਾਮਲ ਹੋਣ ਨੂੰ ਕਿਹਾ ਹੈ।

# ਗੁਰਦੁਆਰਾ ਕਰਤਾਰਪੁਰ ਸਾਹਿਬ 'ਚ ਲਾਹੌਰ ਦੀ ਮਾਡਲ ਨੇ ਮਰਿਆਦਾ ਦੀਆਂ ਧੱਜੀਆਂ ਉਡਾਈਆਂ

ਲਾਹੌਰ, 30 (ਪੋਸਟ ਬਿਊਰੋ)- ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਵਿਚਲੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਲਾਹੌਰ ਦੇ ਇੱਕ ਨਾਮੀ ਫ਼ੈਸ਼ਨ ਹਾਊਸ ਦੀ ਮਹਿਲਾ ਮਾਡਲ ਵੱਲੋਂ ਕੀਤੀ ਮਾਡਲਿੰਗ ਦੀਆਂ ਤਸਵੀਰਾਂ ਵਾਇਰਲ ਹੋਣ ਤੋਂ ਬਾਅਦ ਵਿਵਾਦ ਖੜ੍ਹਾ ਹੋ ਗਿਆ, ਪਰ ਬਾਅਦ ਵਿੱਚ ਉਸ ਨੇ ਮੁਆਫੀ ਮੰਗ ਲਈ ਹੈ।



ਮਿਲੀ ਜਾਣਕਾਰੀ ਅਨੁਸਾਰ ਲਾਹੌਰ ਦੀ ਕੈਵਲਰੀ ਗਰਾਊਂਡ ਦੇ ਨੇੜੇ ਆਬਾਦੀ ਵਿੱਚ ਮੰਨਤ ਆਨਲਾਈਨ ਫ਼ੈਸ਼ਨ ਸਟੋਰ ਨੇ ਆਪਣੇ ਟੈਕਸਟਾਈਲ ਬ੍ਰਾਂਡ ਲਈ ਮਹਿਲਾ ਮੈਡਲ ਤੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਪਰਿਕਰਮਾ ਵਿੱਚ ਵੱਖ-ਵੱਖ ਅੰਦਾਜ਼ ਵਿੱਚ ਤਸਵੀਰਾਂ ਖਿਚਵਾਈਆਂ ਸਨ। ਵਾਇਰਲ ਹੋਈਆਂ ਫੋਟੋ ਵਿੱਚ ਲਾਲ ਸੂਟ ਪਹਿਨੀ ਉਕਤ ਔਰਤ ਬਿਨਾਂ ਸਿਰ ਢੱਕੇ ਕੈਮਰੇ ਅੱਗੇ ਪੋਜ਼ ਦਿੰਦੀ ਨਜ਼ਰ ਆ ਰਹੀ ਹੈ ਅਤੇ ਉਸ ਦੇ ਬਿਲਕੁਲ ਪਿੱਛੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਦੀ ਇਮਾਰਤ ਦਿੱਸਦੀ ਹੈ। ਗੁਰਦੁਆਰਾ ਕਰਤਾਰਪੁਰ ਸਾਹਿਬ ਕੰਪਲੈਕਸ ਵਿੱਚ ਕਰਵਾਏ ਗਏ ਇਸ ਫੋਟੋਸ਼ੂਟ ਨਾਲ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਅਤੇ ਉਕਤ ਆਨਲਾਈਨ ਫ਼ੈਸ਼ਨ ਸਟੋਰ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ। ਵਰਨਣ ਯੋਗ ਹੈ ਕਿ ਕੁਝ ਸਮਾਂ ਪਹਿਲਾਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਪਰਿਕਰਮਾ ਅੰਦਰ ਦੋ ਪਾਕਿਸਤਾਨੀ ਨੌਜਵਾਨਾਂ ਨੇ ਸਾਈਕਲ ਚਲਾ ਕੇ ਟਿਕ-ਟਾਕ ਵੀਡੀਓ ਬਣਾਈ ਸੀ। ਇਸ ਤੋਂ ਬਾਅਦ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਟਿਕ-ਟਾਕ ਬਣਾਉਣ ਦੀ ਮਨਾਹੀ ਬਾਰੇ ਰਸਤਿਆਂ, ਲੰਗਰ ਭਵਨ, ਪਰਿਕਰਮਾ, ਜੋੜਾ ਘਰ ਤੇ ਰਿਸੈਪਸ਼ਨ ਉੱਤੇ ਉਰਦੂ ਅਤੇ ਅੰਗਰੇਜ਼ੀ ਵਿੱਚ ਲਿਖੇ ਚਿਤਾਵਨੀ ਨੋਟਿਸ ਲਾਏ ਗਏ ਸਨ।

ਪਾਕਿਸਤਾਨ ਪੁਲਸ ਨੇ ਪਾਕਿਸਤਾਨੀ ਮਾਡਲ ਦੇ ਨੰਗੇ ਸਿਰ ਫੋਟੋਸ਼ੂਟ ਕਰਨ ਦੇ ਮਾਮਲੇ ਦੀ ਦੇਸ਼ ਵਿਦੇਸ਼ ਵਿੱਚ ਹੋ ਰਹੀ ਆਲੋਚਨਾ ਪਿੱਛੋਂ ਜਾਂਚ ਸ਼ੁਰੂ ਕਰ ਦਿੱਤੀ ਹੈ। ਪਤਾ ਲੱਗਾ ਹੈ ਕਿ ਬਾਅਦ ਵਿੱਚ ਮਾਡਲ ਨੇ ਮੁਆਫੀ ਮੰਗ ਲਈ ਹੈ।

## ਅੰਮ੍ਰਿਤਸਰ ਦੇ ਵਪਾਰੀ ਤੋਂ ਬਿਹਾਰ ਵਿੱਚ 35 ਲੱਖ ਦੇ ਗਹਿਣੇ ਲੁੱਟੇ ਗਏ

ਗੋਪਾਲਗੰਜ, 30 ਨਵੰਬਰ (ਪੋਸਟ ਬਿਊਰੋ)- ਬਿਹਾਰ ਦੇ ਗੋਪਾਲਗੰਜ ਜ਼ਿਲ੍ਹੇ ਦੇ ਮੀਰਗੰਜ-ਥਾਵੇ ਮੇਨ ਰੋਡ ਉੱਤੇ ਉਚਕਾ ਪਿੰਡ ਥਾਣਾ ਖੇਤਰ ਦੇ ਵਰਿੰਦ-ਾਵਨ ਪਿੰਡ ਨੇੜੇ ਅਪਰਾਧੀਆਂ ਨੇ ਅੰਮ੍ਰਿਤਸਰ ਦੇ ਗਹਿਣਿਆਂ ਦੇ ਵਪਾਰੀ ਤੋਂ ਹਥਿਆਰ ਦਿਖਾ ਕੇ ਕਰੀਬ 35 ਲੱਖ ਰੁਪਏ ਕੀਮਤ ਦੇ ਗਹਿਣੇ ਲੁੱਟ ਲਏ ਹਨ।

ਅੰਮ੍ਰਿਤਸਰ ਦੇ ਹਰਗੁਨ ਜਿਊਲਰਜ਼ ਦੇ ਮਾਲਕ ਅਮਰਦੀਪ ਸਿੰਘ ਮੀਰਗੰਜ ਅਤੇ ਥਾਵੇ ਵਿੱਚ ਗਹਿਣੇ ਸਪਲਾਈ ਕਰਨ ਗਏ ਸਨ। ਕੱਲ੍ਹ ਉਹ ਮੀਰਗੰਜ ਵਿੱਚ ਗਹਿਣਿਆਂ ਦੇ ਵਪਾਰੀ ਨੂੰ ਗਹਿਣੇ ਦੇਣ ਪਿੱਛੋਂ ਕਰੀਬ 35 ਲੱਖ ਰੁਪਏ ਦੇ ਗਹਿਣੇ ਲੈ ਕੇ ਆਟੋ ਵਿੱਚ ਥਾਵੇ ਤੇ ਗੋਪਾਲਗੰਜ ਵਿੱਚ ਦੁਕਾਨਦਾਰਾਂ ਨੂੰ ਸਪਲਾਈ ਗਹਿਣੇ ਕਰਨ ਚੱਲੇ ਸਨ। ਅਜੇ ਆਟੋ ਸਵਾਰ ਕਾਰੋਬਾਰੀ ਮੀਰਗੰਜ-ਥਾਵੇ ਦੇ ਵਰਿੰਦਾਵਨ ਪਿੰਡ ਨੇੜੇ ਪਹੁੰਚੇ ਸਨ ਕਿ ਬਾਈਕ ਸਵਾਰ ਤਿੰਨ ਜਣਿਆਂ ਨੇ ਆਟੋ ਨੂੰ ਓਵਰਟੇਕ ਕਰ ਕੇ ਰੋਕਣ ਪਿੱਛੋਂ ਆਟੋ ਵਿੱਚ ਸਵਾਰ ਵਪਾਰੀ ਨੂੰ ਪਿਸਤੌਲ ਦਿਖਾ ਕੇ ਕਰੀਬ 35 ਲੱਖ ਰੁਪਏ ਕੀਮਤ ਦੇ ਗਹਿਣੇ ਲੁੱਟ ਲਏ। ਅਪਰਾਧੀ ਹਥਿਆਰ ਲਹਿਰਾਉਂਦੇ ਹੋਏ ਮੀਰਗੰਜ ਵੱਲ ਭੱਜ ਗਏ। ਘਟਨਾ ਦੇ ਬਾਅਦ ਵਪਾਰੀ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਘਟਨਾ ਦੇ ਬਾਅਦ ਪੁਲਸ ਟੋਲ ਪਲਾਜ਼ਾ ਦੇ ਸੀ ਸੀ ਟੀ ਵੀ ਫੁਟੇਜ ਨੂੰ ਖੰਗਾਲ ਰਹੀ ਹੈ।

## ਹਵਾ ਪ੍ਰਦੂਸ਼ਣ: ਸੈਂਟਰਲ ਵਿਸਟਾ ਉੱਤੇ ਕੰਮ ਜਾਰੀ ਰੱਖਣ ਕਾਰਨ ਸੁਪਰੀਮ ਕੋਰਟ ਨੇ ਕੇਂਦਰ ਤੋਂ ਜਵਾਬ ਮੰਗਿਆ

ਨਵੀਂ ਦਿੱਲੀ, 30 (ਪੋਸਟ ਬਿਊਰੋ)- ਦਿੱਲੀ ਦੇ ਵਾਤਾਵਰਣ ਮੰਤਰੀ ਗੋਪਾਲ ਰਾਏ ਨੇ ਕੱਲ੍ਹ ਕਿਹਾ ਕਿ ਹਵਾ ਪ੍ਰਦੂਸ਼ਣ ਦੇ ਉਚ ਪੱਧਰ ਨੂੰ ਦੇਖਦੇ ਹੋਏ ਦਿੱਲੀ ਵਿੱਚ ਉਸਾਰੀ ਅਤੇ ਤੋੜ-ਭੰਨ ਦੇ ਕੰਮਾਂ ਉੱਤੇ ਰੋਕ ਅਗਲੇ ਹੁਕਮ ਤਕ ਜਾਰੀ ਰਹੇਗੀ। ਸੁਪਰੀਮ ਕੋਰਟ ਨੇ ਦਿੱਲੀ ਅਤੇ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ 'ਖ਼ਤਰਨਾਕ ਪ੍ਰਦੂਸ਼ਣ'ਦਾ ਪੱਧਰ ਵੇਖ ਕੇ ਉਸਾਰੀ ਦੇ ਕੰਮਾਂ ਉੱਤੇ ਰੋਕ ਲਾਈ ਹੈ। ਇਸ ਦੇ ਬਾਵਜੂਦ ਸੈਂਟਰਲ ਵਿਸਟਾ ਪ੍ਰਾਜੈਕਟ ਦਾ ਕੰਮ ਜਾਰੀ ਰੱਖਣ ਬਾਰੇ ਚੀਫ਼ ਜਸਟਿਸ ਐਨ ਵੀ ਰਮਨਾ, ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਸੂਰੀਆਕਾਂਤ ਦੀ ਬੈਂਚ ਨੇ ਸਰਕਾਰ ਤੋਂ ਜਲਾਬ ਤਲਬੀ ਕੀਤੀ ਹੈ, ਜਿਸ ਬਾਰੇ ਕੇਂਦਰ ਸਰਕਾਰ ਨੂੰ ਜਵਾਬ ਦੇਣਾ ਪਵੇਗਾ।



ਵਰਨਣ ਯੋਗ ਹੈ ਕਿ ਦਿੱਲੀ ਵਿੱਚ ਪ੍ਰਦੂਸ਼ਣ ਦੇ ਕੇਸ ਦੀ ਸੁਣਵਾਈ ਦੌਰਾਨ ਪਟੀਸ਼ਨਰ ਆਦਿਤਿਆ ਦੂਬੇ ਦੇ ਵਕੀਲ ਵਿਕਾਸ ਸਿੰਘ ਨੇ ਸੈਂਟਰਲ ਪ੍ਰਾਜੈਕਟ ਵਿੱਚਕੰਮ ਜਾਰੀ ਰੱਖਣ ਸਮੇਤ ਕਈ ਮੁੱਦੇ ਚੁੱਕੇ। ਉਨ੍ਹਾਂ ਨੇ ਕਿਹਾ ਕਿ ਅਦਾਲਤ ਵੱਲੋਂ ਪ੍ਰਦੂਸ਼ਣ ਰੋਕਣ ਦੇ ਉਪਾਵਾਂ ਤਹਿਤ ਉਸਾਰੀ ਕੰਮਾਂ ਉੱਤੇ ਲਾਈਆਂ ਅਸਥਾਈ ਪਾਬੰਦੀਆਂ ਦੇ ਬਾਵਜੂਦ ਸੈਂਟਰਲ ਵਿਸਟਾ ਪ੍ਰਾਜੈਕਟ ਉੱਤੇ ਕੰਮ ਜਾਰੀ ਹੈ। ਇਸ ਉੱਤੇ ਬੈਂਚ ਨੇ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਕੇਂਦਰ ਸਰਕਾਰ ਦਾ ਪੱਖ ਰੱਖ ਰਹੇ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਜਵਾਬ ਦੇਣ ਨੂੰ ਕਿਹਾ।ਅਦਾਲਤ ਨੇ ਸਬੰਧਤ ਸਰਕਾਰਾਂ ਨੂੰ ਐਫੀਡੇਵਿਟ ਪੇਸ਼ਕਰ ਕੇ ਇਹ ਦੱਸਣ ਨੂੰ ਕਿਹਾ ਕਿ ਉਨ੍ਹਾਂ ਨੇ ਖ਼ਤਰਨਾਕ ਹਵਾ ਪ੍ਰਦੂਸ਼ਣ ਨੂੰ ਤੁਰੰਤ ਘੱਟ ਕਰਨ ਲਈ ਕ ਉਪਾਅ ਕੀਤੇ ਹਨ।

# ਅੱਲ੍ਹਾ ਦੀ ਤੌਹੀਨ ਦੇ ਦੋਸ਼ੀਆਂ ਨੂੰ ਨਾ ਸੌਂਪਣ ਉੱਤੇ ਭੜਕੀ ਹਿੰਸਾ, ਥਾਣਾ ਤੇ 4 ਚੌਕੀਆਂ ਫੂਕੀਆਂ

ਪੇਸ਼ਾਵਰ, 30 (ਪੋਸਟ ਬਿਊਰੋ)- ਉਤਰ-ਪੱਛਮੀ ਪਾਕਿਸਤਾਨ ਵਿੱਚ ਕੱਲ੍ਹ ਰਾਤ ਮੁਸਲਮਾਨਾਂ ਦੀ ਭੀੜ ਨੇ ਪੁਲਸ ਨੂੰ ਇੱਕ ਅੱਲ੍ਹਾ ਦੀ ਨਿੰਦਾ ਦੇ ਦੋਸ਼ੀ ਨੂੰ ਉਨ੍ਹਾਂ ਨੂੰ ਸੌਂਪਣ ਦੀ ਮੰਗ ਕੀਤੀ ਅਤੇ ਪੁਲਸ ਦੇ ਇਨਕਾਰ ਕਰਨ ਤੋਂ ਬਾਅਦ ਉਨ੍ਹਾਂ ਨੇ ਇੱਕ ਪੁਲਸ ਸਟੇਸ਼ਨ ਅਤੇ ਚਾਰ ਪੁਲਸ ਚੌਕੀਆਂ ਨੂੰ ਅੱਗ ਲਾ ਦਿੱਤੀ।



ਅਧਿਕਾਰੀਆਂ ਨੇ ਦੱਸਿਆ ਕਿ ਇੱਕ ਮਾਨਸਿਕ ਤੌਰ ਉੱਤੇ ਅਪਾਹਜ ਵਿਅਕਤੀ ਉੱਤੇ ਇਸਲਾਮ ਦੇ ਪਵਿੱਤਰ ਗ੍ਰੰਥ ਕੁਰਾਨ ਦਾ ਅਪਮਾਨ ਕਰਨ ਦਾ ਦੋਸ਼ ਲਾਇਆ ਗਿਆ ਹੈ। ਸਥਾਨਕ ਅਧਿਕਾਰੀ ਆਸਿਫ ਖ਼ਾਨ ਨੇ ਦੱਸਿਆ ਕਿ ਹਮਲੇ ਵਿੱਚ ਕੋਈ ਵੀ ਅਧਿਕਾਰੀ ਜ਼ਖ਼ਮੀ ਨਹੀਂ ਹੋਇਆ, ਪਰ ਇਸ ਨੇ ਪੁਲਸ ਨੂੰ ਖੈਬਰ ਪਖਤੂਨਖਵਾ ਸੂਬੇ ਦੇ ਚਾਰਸਦਾ ਜ਼ਿਲ੍ਹੇ ਵਿੱਚ ਵਿਵਸਥਾ ਬਹਾਲ ਕਰਨ ਲਈ ਫੌਜ ਨੂੰ ਬੁਲਾਉਣ ਲਈ ਮਜ਼ਬੂਰ ਕੀਤਾ। ਸੋਸ਼ਲ ਮੀਡੀਆ ਉੱਤੇ ਪੋਸਟ ਕੀਤੀ ਗਈ ਇੱਕ ਵੀਡੀਓ ਵਿੱਚ ਪੁਲਸ ਸਟੇਸ਼ਨ ਨੂੰ ਅੱਗ ਲੱਗਦੀ ਦਿੱਸਦੀ ਹੈ।ਆਸਿਫ਼ ਖ਼ਾਨ ਨੇ ਕਿਹਾ ਕਿ ਅਧਿਕਾਰੀਆਂ ਨੇ ਨਜ਼ਰਬੰਦ ਨੂੰ ਕੁੱਟਣ ਦੀ ਭੀੜ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਤੇ ਪੁਲਸ ਉਸ ਨੂੰ ਦੂਜੇ ਜ਼ਿਲ੍ਹੇ ਵਿੱਚ ਲੈ ਗਈ। ਉਨ੍ਹਾਂ ਨੇ ਵਿਅਕਤੀ ਦਾ ਨਾਂ ਨਹੀਂ ਦੱਸਿਆ ਤੇ ਕਿਹਾ ਕਿ ਅਧਿਕਾਰੀ ਅਜੇ ਜਾਂਚ ਕਰ ਰਹੇ ਹਨ। ਦੋਸ਼ੀ ਨੂੰ ਇੱਕ ਦਿਨ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਗਿਆ ਸੀ।ਖ਼ਾਨ ਨੇ ਕਿਹਾ ਕਿ ਪਹਿਲਾਂ ਅਧਿਕਾਰੀਆਂ ਨੇ ਵਿਰੋਧ ਕੀਤਾ ਪਰ ਪੁਲਸ ਨੇ ਹਜ਼ਾਰਾਂ ਪ੍ਰਦਰਸ਼ਨ-ਕਾਰੀਆਂ ਵੱਲੋਂ ਇਮਾਰਤਾਂ ਉੱਤੇ ਹਮਲਾ ਕੀਤੇ ਜਾਣ ਉਤੇ ਉਹ ਉਥੋਂ ਭੱਜ ਗਏ। ਉਨ੍ਹਾਂ ਕਿਹਾ ਕਿ ਪੁਲਸ ਨੇ ਭੀੜ ਦੇ ਕਿਸੇ ਜਾਨੀ ਨੁਕਸਾਨ ਨੂੰ ਰੋਕਣ ਲਈ ਤਾਕਤ ਦੀ ਵਰਤੋਂ ਤੋਂ ਗੁਰੇਜ਼ ਕੀਤਾ। ਉਨ੍ਹਾਂ ਕਿਹਾ ਕਿ ਹੁਣ ਚਾਰਸਦਾ ਵਿੱਚ ਸਥਿਤੀ ਆਮ ਵਾਂਗ ਹੈ।


# 40 ਹਜ਼ਾਰ ਰਿਸ਼ਵਤ ਲੈਣ ਵਾਲਾ ਸੀਨੀਅਰ ਜੱਜ ਨੌਕਰੀ ਤੋਂ ਕੱਢਿਆ

ਮੰਡੀ, 30 ਨਵੰਬਰ (ਪੋਸਟ ਬਿਊਰੋ)- 40 ਹਜ਼ਾਰ ਰੁਪਏ ਰਿਸ਼ਵਤ ਲੈਣ ਦੇ ਦੋਸ਼ ਵਿੱਚ ਫੜੇ ਗਏ ਸੁੰਦਰਨਗਰ ਕੋਰਟ ਦੇ ਸੀਨੀਅਰ ਜੱਜ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ। ਹਿਮਾਚਲ ਪ੍ਰਦੇਸ਼ ਦੇ ਗ੍ਰਹਿ ਵਿਭਾਗ ਨੇ ਇਸ ਬਾਰੇ ਪਹਿਲਾਂ ਹਾਈ ਕੋਰਟ ਵੱਲੋਂ ਦੋਸ਼ੀ ਜੱਜ ਵਿਰੁੱਧ ਵਿਭਾਗੀ ਜਾਂਚ ਕਰਵਾਈ ਅਤੇ ਗਵਰਨਰੀ ਨੂੰ ਬਰਖਾਸਤਗੀ ਦੀ ਅਪੀਲ ਕੀਤੀ ਸੀ, ਜਿਸ ਨੂੰ ਗਵਰਨਰ ਨੇ ਪ੍ਰਵਾਨ ਕਰ ਕੇ ਬਰਖਾਸਤਗੀ ਦਾ ਆਰਡੀਨੈਂਸ ਜਾਰੀ ਕਰ ਦਿੱਤਾ ਹੈ।

ਵਿਜੀਲੈਂਸ ਟੀਮ ਨੇ 31 ਜਨਵਰੀ 2017 ਨੂੰ ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲੇ ਦੇ ਸੁੰਦਰਨਗਰ ਦੀ ਕੋਰਟ ਵਿੱਚ ਐਡੀਸ਼ਨਲ ਚੀਫ ਜੁਡੀਸ਼ਲ ਮੈਜਿਸਟਰੇਟ ਗੌਰਵ ਸ਼ਰਮਾ ਨੂੰ ਚਾਲੀ ਹਜ਼ਾਰ ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਫੜਿਆ ਤੇ ਭ੍ਰਿਸ਼ਟਾਚਾਰ ਦਾ ਕੇਸ ਦਰਜ ਕਰ ਕੇ ਉਸ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲੈ ਲਿਆ ਸੀ। ਦੋਸ਼ ਸੀ ਕਿ ਗੌਰਵ ਨੇ ਐਨ ਆਈ ਐਕਟ (ਚੈਕ ਬਾਊਂਸ ਨਾਲ ਸਬੰਧਤ) ਦੇ ਦੋ ਕੇਸਾਂ ਵਿੱਚ ਬਿਨੇਕਾਰ ਤੋਂ ਚਾਲੀ ਹਜ਼ਾਰ ਰੁਪਏ ਮੰਗੇ ਸਨ। ਇਸਉੱਤੇਬਿਨੇਕਾਰ ਨੇ ਵਿਜੀਲੈਂਸ ਨੂੰ ਸ਼ਿਕਾਇਤ ਕੀਤੀ ਸੀ। ਦੋਸ਼ੀ ਨੂੰ ਦੋ ਦਿਨ ਦੇ ਪੁਲਸ ਰਿਮਾਂਡ ਉੱਤੇ ਵੀ ਰੱਖਿਆ ਗਿਆ। ਮੰਡੀ ਵਿੱਚ ਵਿਸ਼ੇਸ਼ ਜੱਜ ਦੀ ਅਦਾਲਤ ਨੇ ਤੀਸਰੇ ਦਿਨ ਉਸ ਨੂੰ ਜ਼ਮਾਨਤ ਦੇ ਦਿੱਤੀ ਸੀ। ਪਤਾ ਲੱਗਾ ਹੈ ਕਿਕੋਰਟ ਨੇ ਵਿਚਾਰ ਅਧੀਨ ਲਗਭਗ ਸੱਤ ਲੱਖ ਦੇ ਚੈਕ ਬਾਊਂਸ ਕੇਸ ਨੂੰ ਜਲਦੀ ਨਿਪਟਾਉਣ ਲਈ ਜੱਜ ਨੇ ਬਿਨੇਕਾਰਨੂੰ ਆਪਣੇ ਚੈਂਬਰ ਵਿੱਚ ਬੁਲ-ਾਇਆ ਤੇ ਚਾਲੀ ਹਜ਼ਾਰ ਰੁਪਏ ਮੰਗੇ। ਉਸ ਨੇ ਆਪਣਾ ਮੋਬਾਈਲ ਨੰਬਰ ਵੀ ਨੋਟ ਕਰਵਾਇਆ। ਕਈ ਦਿਨ ਤਕ ਜਦ ਬਿਨੇਕਾਰਨੇ ਕੋਈ ਜਵਾਬ ਨਾ ਦਿੱਤਾ ਤਾਂ ਜੱਜ ਨੇ ਖੁਦ ਉਸਨਾਲ ਸੰਪਰਕ ਕਰ ਕੇ ਦੋ ਦਿਨ ਵਿੱਚ ਸਰਕਾਰੀ ਰਿਹਾਇਸ਼ ਉੱਤੇ ਸ਼ਾਮ ਨੂੰ ਚਾਲੀ ਹਜ਼ਾਰ ਰੁਪਏ ਪੁੰਚਾਉਣ ਨੂੰ ਕਿਹਾ ਸੀ। ਇਸ ਤੋਂ ਪਹਿਲਾਂ ਵਿਜੀਲੈਂਸ ਨੇ ਚੀਫ ਜਸਟਿਸ ਨੂੰ ਕੇਸ ਤੋਂ ਜਾਣੂ ਕਰਵਾਇਆ ਅਤੇ ਫਿਰ ਡੀ ਐਸ ਪੀ ਅਭਿਮੰਨਿਊ ਵਰਮਾ ਦੀ ਅਗਵਾਈ ਵਿੱਚ 14 ਮੈਂਬਰੀ ਟੀਮ ਬਣਾਈ ਸੀ।

## ਕੋਰੋਨਾ ਮ੍ਰਿਤਕਾਂ ਦੀਆਂ ਲਾਸ਼ਾਂ ਇੱਕ ਸਾਲ ਤੋਂ ਵੱਧ ਸਮਾਂ ਹਸਪਤਾਲ 'ਚ ਪਈਆਂ ਰਹੀਆਂ

ਬੰਗਲੌਰ, 30 ਨਵੰਬਰ (ਪੋਸਟ ਬਿਊਰੋ)- ਕਰਨਾਟਕ ਵਿੱਚ ਪਿਛਲੇ ਸਾਲ ਜੁਲਾਈ ਵਿੱਚ ਕੋਰੋਨਾ ਕਾਰਨ ਮਰਨ ਵਾਲੇ ਦੋ ਜਣਿਆਂ ਦੀਆਂ ਲਾਸ਼ਾਂ ਪਿਛਲੇ ਇੱਕ ਸਾਲ ਤੋਂ ਸ਼ਹਿਰ ਦੇ ਕਰਮਚਾਰੀ ਰਾਜ ਬੀਮਾ ਨਿਗਮ ਹਸਪਤਾਲ (ਈ ਐਸ ਆਈ ਸੀ) ਦੇ ਮੁਰਦਾਘਰ ਵਿੱਚ ਸੜਦੀਆਂ ਰਹੀਆਂ ਅਤੇ ਕਿਸੇ ਨੇ ਪ੍ਰਵਾਹ ਹੀ ਨਹੀਂ ਕੀਤੀ। ਹਸਪਤਾਲ ਦੇ ਸੂਤਰਾਂ ਅਨੁਸਾਰ ਚਾਲੀ ਸਾਲ ਦੀ ਇੱਕ ਔਰਤ ਤੇ ਲਗਭਗ 55 ਸਾਲ ਦੇ ਆਦਮੀ ਨੂੰ ਜੂਨ 2020 ਵਿੱਚ ਕੋਰੋਨਾ ਦੇ ਇਲਾਜ ਲਈ ਰਾਜਾਜੀਨਗਰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਤੇ ਕੁਝ ਦਿਨ ਬਾਅਦ ਉਨ੍ਹਾਂ ਦੀ ਮੌਤ ਹੋ ਗਈ। ਤਦ ਤੋਂ ਇਨ੍ਹਾਂ ਦੀਆਂ ਲਾਸ਼ਾਂ ਮੁਰਦਾਘਰ ਵਿੱਚ ਪਈਆਂ ਹਨ, ਕਿਉਂਕਿ ਅਣਪਛਾਤੇ ਕਾਰਨਾਂ ਕਰ ਕੇ ਉਨ੍ਹਾਂ ਦਾ ਅੰਤਿਮ ਸਸਕਾਰ ਨਹੀਂ ਕੀਤਾ ਗਿਆ। ਇਸ ਬਾਰੇ ਰਾਜਾਜੀਨਗਰ ਤੋਂ ਭਾਜਪਾ ਵਿਧਾਇਕ ਅਤੇ ਸਾਬਕਾ ਮੰਤਰੀ ਐਸ ਸੁਰੇਸ਼ ਕੁਮਾਰ ਨੇ ਕਰਨ-ਾਟਕ ਦੇ ਲੇਬਰ ਮੰਤਰੀ ਏ ਸ਼ਿਵਰਾਮ ਹੱਬਾਰ ਨੂੰ ਪੱਤਰ ਲਿਖ ਕੇ ਮਾਮਲੇ ਦੀ ਜਾਂਚ ਕਰਾਉਣ ਅਤੇ ਅਣਮਨੁੱਖੀ ਘਟਨਾ ਦੇ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦੇਣ ਦੀ ਅਪੀਲ ਕੀਤੀ ਹੈ।




# ਸਿੰਧ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਅੰਗ ਪਾੜੇ ਤੇ ਗੋਲਕ ਭੰਨੀ

ਸਿੰਧ, 30 (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਇੱਕ ਗੁਰਦੁ-ਆਰਾ ਸਾਹਿਬ ਵਿੱਚ ਸ਼ਰਾਰਤੀ ਅਨਸਰਾਂ ਨੇ ਕੱਲ੍ਹ ਸ਼ਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੇ ਅੰਗ ਪਾੜ ਦਿੱਤੇ ਅਤੇ ਗੋਲਕ ਦੀ ਭੰਨਤੋੜ ਕੀਤੀ।

ਕਰਾਚੀ ਵਿਚਲੇ ਸਿੱਖ ਵਕੀਲ ਹੀਰਾ ਸਿੰਘ, ਜੋ ਇਸ ਸਮੇਂ ਅਮਰੀਕਾ ਵਿੱਚ ਹਨ, ਨੇ ਕੱਲ੍ਹ ਸ਼ਾਮ ਨੂੰ ਪਾਕਿਸਤਾਨ ਦੇ ਸਿੰਧ ਸੂਬੇ ਦੇ ਘੌਸਪੁਰ ਸ਼ਹਿਰ ਨੇੜੇ ਗੁਰਦੁਆਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਧਿਆਏ ਉੱਤੇ ਹਮਲੇ ਬਾਰੇ ਟੈਲੀਫੋਨ ਉੱਤੇ ਇਸ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਪਿੰਡ ਕੋਟ ਮੀਰ ਬਦਨ ਖਾਂ ਬਜਰਾਣੀ, ਤਹਿਸੀਲ-ਕਰਮ-ਪੁਰ, ਜ਼ਿਲ੍ਹਾ-ਕਸ਼ਮੋਰ, ਸਿੰਧ ਵਿੱਚ ਸ਼ਰਾਰਤੀ ਅਨਸਰਾਂ ਨੇ ਪਵਿੱਤਰ ਗ੍ਰੰਥ ਦੇ ਅੰਗ ਪਾੜ ਦਿੱਤੇ ਤੇ ਗੋਲਕ ਵਿੱਚੋਂ ਭੇਟਾਂ ਚੋਰੀ ਕਰ ਲਈ ਹੈ। ਵਰਨਣ ਯੋਗ ਹੈ ਕਿ ਘੌਸਪੁਰ 7,000 ਸਿੱਖਾਂ ਅਤੇ ਹਿੰਦੂਆਂ ਦੇ ਘਰ ਹਨ। ਹੀਰਾ ਸਿੰਘ ਨੇ ਕਿਹਾ ਕਿ ਬਦਕਿਸਮਤੀ ਨਾਲ ਪੁਲਸ ਨੇ ਕੇਸ ਦਰਜ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਇਸ ਘਟਨਾ ਪਿੱਛੋਂ ਘੌਸਪੁਰ ਦੇ ਸਿੱਖਾਂ ਨੇ ਕੱਲ੍ਹ ਗੁਰਦੁਆਰਾ ਸਾਹਿਬ ਨੇੜੇ ਧਰਨਾ ਦਿੱਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਉਤੇ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਸਥਾਨਕ ਸਿੱਖ ਅਤੇ ਹਿੰਦੂ ਡਰੇ ਹੋਏ ਹਨ ਅਤੇ ਆਪਣੇ ਪਰਵਾਰਾਂ ਅਤੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਬਾਰੇ ਚਿੰਤਕ ਹਨ। ਕੋਸ਼ਿਸ਼ਾਂ ਦੇ ਬਾਵਜੂਦ ਪਾਕਿਸਤਾਨ ਸਿੱਖ ਗੁਰਦ-ਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ ਨੇ ਬੇਅਦਬੀ ਦੀ ਘਟਨਾ ਉੱਤੇ ਟਿੱਪਣੀ ਕਰਨ ਲਈ ਆਪਣਾ ਮੋਬਾਈਲ ਫ਼ੋਨ ਨਹੀਂ ਚੁੱਕਿਆ।

# ਜ਼ਹਿਰ ਖਾਣ ਵਾਲੇ ਪਰਿਵਾਰ ਦੇ ਸਾਰੇ ਪੰਜ ਜੀਆਂ ਦੀ ਮੌਤ

ਭੋਪਾਲ, 30 (ਪੋਸਟ ਬਿਊਰੋ)- ਭੋਪਾਲ ਦੇ ਪਿਪਲਾਨੀ ਇਲਾਕੇ ਵਿੱਚ ਜ਼ਹਿਰ ਖਾਣ ਵਾਲੇ ਇੱਕੋ ਪਰਵਾਰ ਦੇ ਪੰਜ ਜੀਆਂ ਦੀ ਮੌਤ ਹੋ ਗਈ ਹੈ। ਪਿਛਲੇ ਤਿੰਨ ਦਿਨਾਂ ਵਿੱਚ ਇਲਾਜ ਦੌਰਾਨ ਸਾਰਾ ਪਰਵਾਰ ਦਮ ਤੋੜ ਗਿਆ ਹੈ। ਪੁਲਸ ਨੇ ਦੱਸਿਆ ਕਿ ਕਰਜ਼ੇ ਤੋਂ ਪ੍ਰੇਸ਼ਾਨ ਸੰਜੀਵ ਜੋਸ਼ੀ (47), ਉਸਦੀ ਮਾਂ ਨੰਦਨੀ (67), ਪਤਨੀ ਅਰਚਨਾ (45), ਧੀਆਂ ਗਰਿਸ਼ਮਾ (21) ਅਤੇ ਪੂਰਵੀ (16) ਨੇ ਪਰਸੋਂ ਰਾਤ 'ਕੋਲਡ ਡਰਿੰਕ' ਵਿੱਚ ਜ਼ਹਿਰ ਪਾ ਕੇ ਪੀ ਲਿਆ ਸੀ।



ਪੇਸ਼ੇ ਤੋਂ ਮਿਸਤਰੀ (ਮਕੈਨਿਕ) ਜੋਸ਼ੀ ਅਤੇ ਉਸ ਦੇ ਪਰਵਾਰ ਨੇ ਆਪਣੇ ਰਿਸ਼ਤੇਦਾਰਾਂ ਨੂੰ ਵਟਸਐਪ ਉੱਤੇ ਘਟਨਾ ਦੀ ਜਾਣਕਾਰੀ ਵੀ ਦਿੱਤੀ ਸੀ। ਜੋਸ਼ੀ ਨੇ ਜ਼ਹਿਰ ਦਾ ਪ੍ਰਭਾਵ ਜਾਂਚਣ ਲਈ ਪਹਿਲਾਂ ਕੁੱਤੇ ਨੂੰ ਜ਼ਹਿਰ ਦਿੱਤਾ ਸੀ, ਜਿਸ ਨਾਲ ਕੁੱਤਾ ਮਰ ਗਿਆ ਸੀ।ਥਾਣਾ ਮੁੱਖੀਨੇ ਕਿਹਾ,''ਨੰਦਰੀ ਅਤੇ ਪੂਰਵੀ ਦੀ ਪਰਸੋਂ, ਗਰਿਸ਼ਮਾ ਦੀ ਕੱਲ੍ਹ ਸਵੇਰੇ, ਸੰਜੀਵ ਜੋਸ਼ੀ ਦੀ ਕੱਲ੍ਹ ਦੇਰ ਰਾਤ ਅਤੇ ਅਰਚਨਾ ਜੋਸ਼ੀ ਦੀ ਕੱਲ੍ਹ ਸਵੇਰੇ ਇਲਾਜ ਦੌਰਾਨ ਹਸਪਤਾਲ ਵਿੱਚ ਮੌਤ ਹੋ ਗਈ।'' ਜੋਸ਼ੀ ਨੇ ਸੱਤ, ਅੱਠ ਲੋਕਾਂ ਕੋਲੋਂ ਕਰਜ਼ਾ ਲਿਆ ਸੀ। ਨਾਇਰ ਨੇ ਦੱਸਿਆ ਕਿ ਪੁਲਸ ਨੇ ਚਾਰ ਔਰਤਾਂ ਵਿਰੁੱਧ ਆਤਮਹਤਿਆ ਲਈ ਉਕਸਾਉਣ ਦਾ ਮਾਮਲਾ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।




## ਮੋਬਾਈਲ ਦੀ ਆਦਤ ਕਾਰਨ ਨੌਜਵਾਨ ਨੂੰ ਪੰਜ ਦਿਨ ਉਨੀਂਦਰਾ ਰਿਹਾ

ਚੁਰੂ, 30 (ਪੋਸਟ ਬਿਊਰੋ)- ਰਾਜਸਥਾਨ ਦੇ ਚੁਰੂ ਜ਼ਿਲ੍ਹੇ ਦੇ ਸਾਹਵਾ ਕਸਬੇ ਦੇ 20 ਸਾਲ ਨੌਜਵਾਨ ਨੂੰ ਮੋਬਾਈਲ ਦੀ ਅਜਿਹੀ ਆਦਤ ਲੱਗੀ ਕਿ ਉਹ ਮਾਨਸਿਕ ਰੋਗੀ ਬਣ ਗਿਆ ਹੈ। ਉਹ ਨਾ ਆਪਣੇ ਘਰਵਾਲਿਆਂ ਨੂੰ ਪਛਾਣ ਰਿਹਾ ਹੈ ਤੇ ਨਾ ਕੁਝ ਬੋਲ ਰਿਹਾ ਹੈ, ਜਿਸ ਦੀ ਨਿਗਰਾਨੀ ਕੀਤੀ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਇਹ ਨੌਜਵਾਨ ਪਿਛਲੇ ਇੱਕ ਮਹੀਨੇ ਤੋਂ ਆਪਣਾ ਕੰਮ ਧੰਦਾ ਛੱਡ ਕੇ ਮੋਬਾਈਲ ਵਿੱਚ ਲੱਗਾ ਰਿਹਾ ਤੇ ਪੰਜ ਦਿਨ ਤੋਂ ਸੌਂ ਨਹੀਂ ਸਕਿਆ। ਜਦੋਂ ਸਿਹਤ ਜ਼ਿਆਦਾ ਵਿਗੜੀ ਤਾਂ ਪਰਵਾਰ ਵਾਲੇ ਉਸ ਨੂੰ ਚੁਰੂ ਦੇ ਸਰਕਾਰੀ ਹਸਪਤਾਲ ਵਿੱਚ ਲੈ ਕੇ ਪਹੁੰਚੇ, ਜਿੱਥੇ ਮਨੋਵਿਗਿਆਨੀ ਨੇ ਉਸ ਦਾ ਇਲਾਜ ਸ਼ੁਰੂ ਕੀਤਾ ਹੈ। ਨੌਜਵਾਨ ਦੇ ਪਰਵਾਰ ਵਿੱਚੋਂ ਚਾਚਾ ਅਰਬਾਜ਼ ਨੇ ਦੱਸਿਆ ਕਿ 20 ਸਾਲਾ ਅਕਰਮ ਪਿੰਡ ਵਿੱਚ ਬਿਜਲੀ ਦੀ ਮੋਟਰ ਵਾਈਂਡਿੰਗ ਦਾ ਕੰਮ ਕਰਦਾ ਹੈ ਅਤੇ ਪਿਛਲੇ ਇੱਕ ਮਹੀਨੇ ਤੋਂ ਜ਼ਿਆਦਾਤਰ ਸਮਾਂ ਮੋਬਾਈਲ ਉੱਤੇ ਲੰਘਾ ਰਿਹਾ ਸੀ। ਉਸ ਨੇ ਆਪਣਾ ਕੰਮ ਵੀ ਛੱਡ ਦਿੱਤਾ ਸੀ। ਪਰਵਾਰ ਵਾਲਿਆਂ ਦੇ ਵਾਰ-ਵਾਰ ਕਹਿਣ ਉੱਤੇ ਵੀ ਉਹ ਮੋਬਾਈਲ ਨਹੀਂ ਛੱਡਦਾ ਸੀ।ਪਿਛਲੇ ਕੁਝ ਦਿਨਾਂ ਤੋਂ ਉਹ ਪੂਰੀ-ਪੂਰੀ ਰਾਤ ਮੋਬਾਈਲ ਉੱਤੇ ਚੈਟ ਤੇ ਗੇਮ ਖੇਡਦਾ ਰਹਿੰਦਾ। ਇਸ ਕਾਰਨ ਉਸ ਨੇ ਖਾਣਾ-ਪੀਣਾ ਵੀ ਛੱਡ ਦਿੱਤਾ ਸੀ। ਇਸ ਸਬੰਧ ਵਿੱਚ ਮਾਨਸਿਕ ਰੋਗ ਮਾਹਰ ਡਾ. ਜਿੰਤੇਦਰ ਕੁਮਾਰ ਨੇ ਦੱਸਿਆ ਕਿ ਨੌਜਵਾਨ ਦੀ ਸੀ ਟੀ ਸਕੈਨ ਕਰਵਾਈ ਗਈ ਹੈ ਅਤੇ ਉਸਦਾ ਇਲਾਜ ਸ਼ੁਰੂ ਕਰ ਦਿੱਤਾ ਗਿਆ ਹੈ।

